ਸਾਲ: 1 ਅਕਤੂਬਰ 1973
ਅੰਕ: 3 ਮੁੱਲ: 50 ਸੈਂਟ



# ਵਤਨੋਂ ਦੂਰ

ਸੰਪਾਦਕ:
ਸੁਰਿੰਦਰ ਧੰਜਲ

'WATNO DUR' MONTHLY
P. O. BOX 1041, COQUITLAM, B. C.
CANADA. (PHONE: 253-3474)

ਮਾਸਕ-ਪੱਤਰ 'ਵਤਨੋਂ ਦੂਰ'
P.O. BOX 1041, ਕੋਕੁਇਟਲਮ, ਬੀ. ਸੀ.
ਕੈਨੇਡਾ. (ਫ਼ੋਨ: 253-3474)

ਚੈੱਕ ਕਰੋ! ਮੁਕਾਬਲਾ ਕਰੋ!!
"BEST IN THE WEST"
ਵੈਨਕੋਵਰ 'ਚ ਹਰ ਕਿਸਮ ਦੇ ਸ਼ੁੱਧ ਤੇ ਵਧੀਆ
* ਮਸਾਲੇ * * ਦਾਲਾਂ * * ਮੇਵੇ *
* ਤਾਜ਼ਾ ਪੀਸੇ ਹੋਏ ਆਟੇ (ਵੇਸਣ ਤੇ ਮਾਂਹ, ਮਟਰ ਤੇ ਚੌਲਾਂ ਦੇ ਆਟੇ *
* ਤਾਜ਼ੀਆਂ ਦੇਸੀ - ਬਦੇਸ਼ੀ ਸਬਜ਼ੀਆਂ *
ਦੀ ਪ੍ਰਸਿੱਧ ਦੁਕਾਨ
(ਜਿੱਥੇ ਨਵਾਂ ਮਾਲ ਹੁਣੇ ਹੁਣੇ ਪੁੱਜਿਆ ਹੈ।)

ਅਮਬੀਕਾ ਐਂਟਰਪਰਾਈਜ਼ਜ਼ ਲਿਮਿਟਡ
7287 ਨਾਈਟ ਸਟਰੀਟ
ਵੈਨਕੋਵਰ-15, ਬੀ. ਸੀ.

We cannot spell 'S CCESS' without • U •
ਟੈਲੀਫ਼ੋਨ: 327-4919

AMBIKA ENTERPRISES LTD.

7287 Knight St., Vancouver 15, B.C. at 57th ● PHONE: 327-4919

'By Service We Grow'

# JASMAN HOLDINGS LTD.

VANCOUVER ---------- B. C.

*We will pay cash for your*
*Lots, Homes, Commercial Property or Acreage.*

*For free appraisal, call*

879-3638 [24 Hrs]

Furniture, Appliances, Carpets & Drapes

# GILL SALES

**ZENITH** — Color T.V. and Stereos

**GIBSON** — Fridges and Stoves

**SPEED QUEEN** — Washers and Dryers

**MOTOROLA** — Color T.V. and Stereos

**PANASONIC** — T.V. and Tape-recorders

**ADMIRAL** — Fridges, Stoves and Gas Ranges, Washers and Dryers, Color T.V. and Stereos

**KELVINATOR** — Fridges and Stoves Washers and Dryers

BEDROOM SUITES — KITCHEN SETS — CHESTERFIELDS
MATTRESSES — SEALY AND GRANGE

**WE ALSO LAY WALL TO WALL CARPETING**

**4525 Main Street — Vancouver, B.C.**

**Off.: 872-8478** Mobile: 6M46 **Res.: 435-4504**

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ ਅਤੇ ਸੱਭਿਆਚਾਰਕ 'ਮਾਸਕ-ਪੱਤਰ'

# ਵਤਨੋਂ ਦੂਰ

ਪੋਸਟ ਬਾਕਸ ਨੰ: 1041, ਕੋਕੁਇਟਲਮ, ਬੀ.ਸੀ., ਕੈਨੇਡਾ.

ਸਾਲ 1 ਅੰਕ 4 ਟੈਲੀਫ਼ੋਨ: 253-3474 ਅਕਤੂਬਰ 1973 ਮੁੱਲ 50 ¢

## ਚੀਫ਼ ਐਡੀਟਰ:

ਸੁਰਿੰਦਰ ਧੰਜਲ

## ਐਡੀਟੋਰੀਅਲ ਬੋਰਡ:

ਮੈਨੇਜਿੰਗ ਐਡੀਟਰ: ਚਰਨਜੀਤ ਸਿੱਧੂ
ਐਡਮਨਿਸਟਰੇਟਿਵ ਐਡੀਟਰ: ਕਰਨੈਲ ਮਾਨ
ਐਡਵਰਟਾਈਜ਼ਿੰਗ ਐਡੀਟਰ: ਦਿਲਜੀਤ ਕੂਰ
ਸਰਕੂਲੇਸ਼ਨ ਐਡੀਟਰ: ਜਸਵਿੰਦਰ ਤੈਗੂ
ਆਰਟ ਐਡੀਟਰ: ਨਿਰਮਲ ਧਾਲੀਵਾਲ

## ਵਿਸ਼ੇਸ਼ - ਪ੍ਰਤੀਨਿਧ:

1. ਸੁਖਪਾਲ ਟੱਲੇਵਾਲੀਆ - ਬਰਨੇਬੀ, ਬੀ.ਸੀ.
2. ਭੁਪਿੰਦਰ ਧਾਲੀਵਾਲ - ਸਰੀ, ਬੀ.ਸੀ.

## ਪ੍ਰਕਾਸ਼ਕ:

ਤਾਰਾ ਸਿੰਘ ਹੇਅਰ
6626 - 124 A STREET
SURREY, B.C., CANADA.

## ਚੰਦਾ:

ਸਾਲਾਨਾ:- ਕੈਨੇਡਾ-ਅਮਰੀਕਾ: 6 ਡਾਲਰ
ਇੰਗਲੈਂਡ: 4 ਪੌਂਡ
ਛਿਮਾਹੀ:- ਕੈਨੇਡਾ-ਅਮਰੀਕਾ: 3 ਡਾਲਰ
ਇੰਗਲੈਂਡ: 2 ਪੌਂਡ

ਇੱਕ ਕਾਪੀ: 50 ਸੈਂਟ

## • ਇਸ ਅੰਕ ਵਿੱਚ •

ਕਹਾਣੀਆਂ (4-12): ਕਰੀਰ ਦੀ ਢਿੰਗਰੀ (ਦਰਿਆਲ ਸਿੰਘ)
ਹਾੜ੍ਹ ਦੇ ਦੁਪਹਿਰੇ (ਰਾਮ ਸਰੂਪ ਅਣਖੀ)
ਹਾਕੀ ਖਿਡਾਰਣਦਾ ਹੈ (ਤੇਜਵੰਤ ਮਾਨ)
ਜਾਹ! ਤੂੰ ਹੁਣ ਚਲੀ ਜਾਹ (ਸ਼ਮਸ਼ੇਰ ਸਿੰਘ ਸੰਧੂ)
ਕਾਗਜ਼ੀ ਸ਼ੇਰ (ਗੁਰਚਰਨ)

ਕੈਨੇਡਾ ਦੇ ਕਵੀ (13-14): ਗੁਰਚਰਨ ਰਾਮਪੁਰੀ
ਸਾਧੂ
ਗਿੱਲ ਮੋਰਾਂਵਾਲੀ
ਹਰਭਜਨ ਸਿੰਘ ਚੇੜਾ

ਨਵੀਆਂ ਕਲਮਾਂ (14-16): ਨਰਿੰਦਰ ਭਾਗੀ
ਜਸਬੀਰ ਗੁਰਮ
ਕਰਮਜੀਤ ਘੁਮਾਣ
ਇੰਦਰੇਸ਼
ਪਰਮਜੀਤ 'ਫ਼ੈਜ਼ਲ' ਰਾਮਪੁਰੀ
ਜੀ. ਐੱਸ. ਗਿੱਲ
ਨੌਨਿਹਾਲ ਸੰਧੂ

ਸਾਜ਼ ਅਤੇ ਆਵਾਜ਼ (17-19): 1. ਨਾਟਕ ਵਿੱਚ ਪਾਤਰਾਂ ਦੀ ਸਮੱਸਿਆ (ਰਘੂਰ ਸਿੰਘ ਘੁੰਮਣ)
2. ਪੀ. ਐੱਨ. ਟੀ.
3. ਭਾਰਤੀ ਦਰਸ਼ਕ

ਫੱਟੀਪੋਚ (20): ਫੱਟੀਪੋਚ ਤੇ ਸਿੱਧੇ ਦੀ ਗੁਫ਼ਤਗੂ

ਸੰਜੀਵਨੀ ਬੂਟੀ (21): 1. ਖ਼ੂਨ ਦੇ ਆਸ਼ਕ 2. ਸਜ਼ਾ (ਸ: ਸ: ਚਰਨ ਸਿੰਘ ਸ਼ਹੀਦ)

ਇਸ ਅੰਕ ਦਾ ਨਾਵਲ (22-26): ਲਹੂ ਮਿੱਟੀ
ਸੰਤ ਸਿੰਘ ਸੇਖੋਂ

ਕਹਾਣੀ ਭਾਗ

1

# ਕਰੀਰ ਦੀ ਢਿੰਗਰੀ

ਗੁਰਦਿਆਲ ਸਿੰਘ

ਉਹਦੇ ਸਹੁਰੇ ਤੇ ਦਿਉਰ, ਮਾਘੀ ਨੇ ਸ਼ਰਾਬ ਨਾਲ ਰੱਜ ਕੇ ਰਾਤ ਫੇਰ ਗਾਲ੍ਹਾਂ ਦਿਤੀਆਂ ਸਨ। ਉਹਦੀ ਬਰਾਬਰ ਦੀ ਧੀ ਕੋਲ ਪਈ ਸੀ, (ਪਰ ਉਹਨਾਂ ਪਿਉ—ਪੁਤਾਂ ਨੂੰ ਉਹਦੀ ਸ਼ਰਮ ਨਹੀਂ ਸੀ ਆਈ) ਉਹਦੇ ਦੋਵੇਂ ਨਿੱਕੇ ਮੁੰਡੇ ਸਹਿਮ ਨਾਲ ਛਹਿ ਕੇ ਬੈਠੇ ਤਿਤਰਾਂ ਵਾਂਗ ਖੇਸਾਂ ਵਿਚ ਮੂੰਹ ਸਿਰ ਵਲ੍ਹੇਟੀ ਪਏ ਰਹੇ ਸਨ। ਗਿਆਲਾ 'ਤੀਵੀਆਂ ਵਾਂਗੂੰ' ਪਿਆ ਸੁਣਦਾ ਰਿਹਾ ਸੀ। ਬੋਲੀ ਭਾਵੇਂ ਉਹ ਵੀ ਕੁਝ ਨਹੀਂ ਸੀ ਪਰ ਚਿਤ ਉਹਦਾ ਟਿਕਾਣੇ ਨਹੀਂ ਸੀ ਰਿਹਾ। ਗਿਆਲੇ ਨੂੰ ਦਿਤੇ 'ਵਚਨ' ਦਾ ਉਹਨੂੰ ਰਾਤ ਵੀ ਚੇਤਾ ਆਇਆ ਸੀ, ਪਰ ਅਗੇ ਵਾਂਗ "ਚਲ ਹੱਉ" ਉਹਤੋਂ ਨਹੀਂ ਸੀ ਆਖਿਆ ਗਿਆ (ਪਿਛਲੇ ਕੁਝ ਮਹੀਨਿਆਂ ਤੋਂ ਉਹ ਕਦੇ ਵੀ ਇਹ ਨਹੀਂ ਆਖ ਸਕੀ ਸੀ)।

ਇਹ ਪਹਿਲੀ ਵੇਰ ਨਹੀਂ ਸੀ ਕਿ ਉਹਦੇ ਸਹੁਰੇ ਤੇ ਦਿਓਰ ਨੇ ਗਾਲ੍ਹਾਂ ਦਿਤੀਆਂ ਸਨ। ਬਾਰਾਂ ਤੇਰਾਂ ਵਰ੍ਹੇ ਹੋ ਗਏ ਸਨ ਜਦੋਂ ਉਹਨਾਂ ਨੂੰ ਹਲਕ ਛੁਟਦਾ ਉਹਨੂੰ ਗਾਲ੍ਹਾਂ ਦੇ ਲੈਂਦੇ। ਅੜ-ਵਿਢ ਉਹ ਕਦੇ ਕਿਸੇ ਨੂੰ ਮੰਦਾ ਨਹੀਂ ਸੀ ਬੋਲੀ, ਪਰ ਉਹ ਏਡੇ ਚੰਦਰੇ ਬੰਦੇ ਸਨ ਜਿਵੇਂ ਗਾਲ੍ਹਾਂ ਦਿਤੇ ਬਿਨਾਂ ਉਹਨਾਂ ਦੀ ਪੀਤੀ 'ਖਰੀ' ਨਹੀਂ ਸੀ ਹੁੰਦੀ। (ਵਾਹ ਲਗਦੀ ਆਪ ਉਹ ਕਿਸੇ ਪਸ਼ੂ ਨੂੰ ਵੀ ਗਾਲ੍ਹ ਨਹੀਂ ਸੀ ਕਢਦੀ ਮਤੇ ਉਹ ਗੱਲ ਉਲਟੀ ਪਾ ਲੈਣ।) ਅਗੇ ਉਹ ਜਰ ਲੈਂਦੀ ਸੀ ਪਰ ਹੁਣ ਕੋਲ ਪਈ ਬਰਾਬਰ ਦੀ ਧੀ ਸਾਹਮਣੇ ਉਹਤੋਂ, ਬਿਨਾਂ ਉਹਦੀ ਕਿਸੇ ਖੁਨਾਮੀਓਂ, ਗੰਦ ਬਕਦੇ ਉਹ ਝਲੇ ਨਹੀਂ ਸਨ ਜਾਂਦੇ।

ਸਾਰੀ ਰਾਤ ਬਲੰਤੋ ਨੂੰ ਨੀਂਦ ਨਾ ਆਈ। ਉਹਦੇ ਅੰਦਰ ਜਿਵੇਂ ਕਿਸੇ ਨੇ ਕਿਕਰ ਦੀਆਂ ਸੂਲਾਂ ਦਾ ਰੁੱਗ ਭਰ ਕੇ ਖਿੰਡਾ ਦਿਤਾ ਸੀ, ਪਾਸਾ ਵੀ ਉਹਤੋਂ ਨਹੀਂ ਸੀ ਪਰਤਿਆ ਜਾਂਦਾ, ਜਦੋਂ ਪਰਤਦੀ ਸੀ ਸੂਲਾਂ ਦੀ ਪੀੜ ਨਾਲ ਉਹਦਾ ਲੂੰ ਲੂੰ ਪੱਛਿਆ ਜਾਂਦਾ। ਅਧੀ ਰਾਤ ਤਾਈਂ ਉਹਦੀਆਂ ਅੱਖਾਂ ਸੌਣ-ਭਾਦੋਂ ਦੇ ਤਾਰਿਆਂ ਵਾਂਗ ਸਲਾਬੀਆਂ ਰਹੀਆਂ, ਪਰ ਅੱਧੀ ਰਾਤ ਮਗਰੋਂ ਹੌਲੀ ਹੌਲੀ ਸੁਕ ਕੇ ਤਪਣ ਲਗ ਪਈਆਂ। ਏਸੇ ਤਪਸ਼ ਦੇ ਤਾਅ ਨਾਲ. ਉਹ ਆਪੇ ਈ ਮਿਚ ਗਈਆਂ ਤੇ ਜਦੋਂ ਮੁੜ ਖੁਲ੍ਹੀਆਂ ਤਾਂ ਉਹ ਉਭੜਵਾਹੀ ਉਠ ਕੇ ਬਹਿ ਗਈ।

ਦਿਨ ਚਿੱਟਾ ਚੜਿਆ ਹੋਇਆ ਸੀ। ਗਿਆਲਾ ਬਲਦਾਂ ਨੂੰ ਪੱਠੇ ਪਾ ਰਿਹਾ ਸੀ ਤੇ ਉਹਦੀ ਵਡੀ ਧੀ ਚਾਹ ਧਰ ਰਹੀ ਸੀ। ਉਸ ਆਸੀਂ ਪਾਸੀਂ ਤਕਿਆ, ਉਨੀਂਦਰੇ ਦੀ ਰੜਕ ਨਾਲ ਅੰਬੀਆਂ ਅਖਾਂ ਨਾਲ ਇਹ ਸਭ ਕੁਝ ਉਹਨੂੰ ਓਪਰਾ ਓਪਰਾ ਲਗਿਆ। ਅੱਖਾਂ ਮੱਲੋਜ਼ੋਰੀ ਮਿਚ ਮਿਚ ਜਾਂਦੀਆਂ ਸਨ। ਉਸ ਹਥੇਲੀਆਂ ਨਾਲ ਅਖਾਂ ਮਲੀਆਂ ਪਰ ਚਾਣਚਕ ਈ ਉਸ ਦੋਵੇਂ ਹਥ ਸਾਹਮਣੇ ਕਰ ਕੇ ਹਥੇਲੀਆਂ ਵਲ ਇੰਜ ਵੇਖਿਆ ਜਿਵੇਂ ਉਹਨਾਂ ਨੂੰ ਤੂਤੜੇ ਦੇ ਲੂੰ ਲਗ ਗਏ ਹੋਣ। ਬਿੰਦ ਕੁ ਮਗਰੋਂ ਉਹ ਹੱਥ ਝਾੜ ਕੇ ਮੁੜ ਅੱਖਾਂ ਮਲਣ ਲਗ ਪਈ। ਪਿਛਲੇ ਦੋ ਕੁ ਵਰ੍ਹਿਆਂ ਤੋਂ ਜਦੋਂ ਵੀ ਉਹ ਅਖਾਂ ਮਲਦੀ ਸੀ ਤਾਂ ਉਹਨੂੰ ਇੰਜ ਲਗਦਾ ਸੀ ਜਿਵੇਂ ਉਹ ਬਾਜਰੇ ਦੇ ਸਿੱਟੇ ਦੀ ਆਖਰੀ ਫਾਂਕ ਵਾਂਗ, ਆਪਣੇ ਰੂਪ ਨੂੰ ਮਸਲਣ ਲਗੀ ਹੋਵੇ, ਹਰ ਵਾਰ ਉਹਨੂੰ ਲਗਦਾ ਉਹਦੇ ਰੂਪ ਦੇ ਸਾਰੇ ਦਾਣੇ ਕਿਰਦੇ ਜਾਂਦੇ ਸਨ ਤੇ ਨਿਰਾ ਤੂਤੜਾ ਰਹਿੰਦਾ ਜਾਂਦਾ ਸੀ—ਪੋਲਾ ਪੋਲਾ, ਫੋਕਾ ਤੂਤੜਾ ਜੀਹਨੂੰ ਚਿੜੀਆਂ ਨੇ ਫਰੋਲ ਫਰੋਲ ਕੇ ਖਿੰਡਾ ਦਿਤਾ ਹੋਵੇ।

ਜਦੋਂ ਬਲੰਤੋ ਵਿਆਹੀ ਆਈ ਸੀ, ਉਦੋਂ ਉਹਨੂੰ ਵੇਖਣ ਆਈਆਂ ਤੋਂ ਉਹਦੀ ਸਿਫਤ ਨਹੀਂ ਸੀ ਹੋਈ। ਪਿੰਡ ਦੀ ਸਭ ਤੋਂ ਵਡੀ ਨਘਰੋਣ ਸੰਧਾਂ ਨੈਣ ਨੂੰ ਵੀ ਕੋਈ ਘਾਟ ਨਹੀਂ ਸੀ ਦਿੱਸੀ, ਉਹਦੇ ਰੂਪ ਨੂੰ ਕੋਈ ਉਪਮਾ ਨਹੀਂ ਸੀ ਦਿਤੀ ਗਈ। 'ਪਰੀ ਵਰਗੀ', 'ਮੂਰਤ ਵਰਗੀ' ਤੇ 'ਫੁਲਾਂ ਰਾਣੀ' ਵਰਗੇ ਸਾਰੇ ਸ਼ਬਦ ਉਹਨੂੰ ਫੋਕੇ ਫੋਕੇ ਲਗੇ ਸਨ। ਤੇ ਫੇਰ ਉਹਨੇ ਕੁਝ ਈਰਖਾ ਨਾਲ ਜਦੋਂ ਆਖਿਆ ਸੀ, "ਨੰਗ ਜੱਟਾਂ ਨੂੰ ਤਾਂ ਡਿਗਿਆ ਲਾਲ ਥਿਆ ਗਿਆ।" ਉਹਦੀਆਂ ਅਖਾਂ ਸਚੀਂ ਲਾਲਾਂ ਵਾਂਗ ਦਗਦੀਆਂ ਸਨ!......

ਪਰ ਅਜ, ਚੋਦਾਂ ਵਰ੍ਹਿਆਂ ਦੀ ਵਿਥ ਮਸਾਂ ਅਜੇ ਪਈ ਸੀ ਕਿ ਉਹ ਲਾਲਾਂ ਵਰਗੀਆਂ ਅੱਖਾਂ ਰਿੱਚ ਕੋਡੀਆਂ ਵਰਗੀਆਂ ਹੋ ਗਈਆਂ ਸਨ! ਉਹਨਾਂ ਲਾਲਾਂ ਵਿਚੋਂ ਫੁਟਦੀਆਂ ਸਾਰੀਆਂ ਕਿਰਨਾਂ ਏਡੀਆਂ ਮਧਮ ਪੈ ਗਈਆਂ ਸਨ ਕਿ ਉਹਨਾਂ ਦੇ ਆਰੋ ਪਾਰੋਂ ਕੁਝ ਵੀ ਨਹੀਂ ਸੀ ਦਿਸਦਾ – ਨਾ ਕਿਸੇ ਅੰਦਰਲੀ ਸ਼ੈ ਦਾ ਅਕਾਰ, ਨਾ ਬਾਹਰਲੀ ਦਾ ਅਕਸ-ਜਿਵੇਂ ਉਹਨਾਂ ਦੇ ਦੋਹੀਂ ਪਾਸੀਂ, ਘਸਮੈਲੇ ਹੋ ਗਏ ਹੋਣ!

ਬਲਦਾਂ ਨੂੰ ਪੱਠੇ ਪਾ ਕੇ, ਗਿਆਲਾ ਚੁਲ੍ਹੇ ਮੂਹਰੇ ਆ ਬੈਠਾ। ਜੀਤਾਂ, ਉਹਨਾਂ ਦੀ ਵਡੀ ਧੀ ਨੇ ਕੋਲੇ ਵਿਚ ਚਾਹ ਪਾ ਕੇ ਉਹਦੇ ਅਗੇ ਧਰ ਦਿਤੀ। ਜਦੋਂ ਗਿਆਲੇ ਨੇ ਕੋਲਾ ਚੁਕ ਕੇ ਮੂੰਹ ਨੂੰ ਲਾਇਆ ਤਾਂ ਜੀਤਾਂ ਨੇ ਨਿਗਾਹ ਉੱਚੀ ਕਰ ਕੇ ਆਪਣੇ ਪਿਓ ਦੇ ਮੁਹਾਂਦਰੇ ਵਲ ਇੰਜ ਤਕਿਆ ਕਿ ਗਿਆਲੇ ਤੋਂ ਧੀ ਦੀਆਂ ਅੱਖਾਂ ਦੀ ਝਾਲ ਝੱਲੀ ਨਾ ਗਈ। ਉਸ ਨੀਵੀਂ ਪਾ ਲਈ। ਪਰ ਜੀਤਾਂ, ਓਵੇਂ ਝਾਕੀ ਗਈ ਕਦੇ ਪਿਓ ਦੀਆਂ ਡੂੰਘੀਆਂ ਅੱਖਾਂ ਵਲ ਤੇ ਕਦੇ ਝਰੜ ਬਰੜੀ ਦਾੜ੍ਹੀ ਵਲ।

ਤੇ ਪਿਓ-ਧੀ ਦੀ ਏਸ ਤਕਣੀ ਵਿਚ ਪਤਾ ਨਹੀਂ 'ਕੀ' ਸੀ ਕਿ ਬਲੰਤੋ ਦੀ ਭੁਬ ਨਿਕਲ ਗਈ ਤੇ ਉਸ ਚੁੰਨੀ ਦਾ ਪਲਾ ਮਰੋੜ ਕੇ ਮੂੰਹ ਵਿਚ ਤੁੰਨ ਲਿਆ। ਓਹੋ ਸੂਲਾਂ ਬਲੰਤੋ ਦੇ ਅੰਦਰ ਚੁਭੀਆਂ ਤੇ ਪੀੜ ਨਾਲ ਉਹਦਾ ਲੂੰ ਲੂੰ ਪਛਿਆ ਗਿਆ। ਉਹ ਉਵੇਂ ਬੈਠੀ ਬਿਠਾਈ ਮੁੜ ਮੰਜੀ ਤੇ ਡਿਗ ਪਈ। (ਪਿਠ ਹੋਣ ਕਰ ਕੇ ਗਿਆਲੇ ਤੇ ਜੀਤਾਂ ਨੂੰ ਕੋਈ ਪਤਾ ਨਾ ਲਗਿਆ)।

ਚਾਹ ਪੀ ਕੇ ਗਿਆਲਾ ਨਰਮਾ ਗੋਡਣ ਖੇਤ ਨੂੰ ਉਠ ਭਜਾ। ਜੀਤਾਂ ਨੇ ਘਰ ਦਾ ਸਾਰਾ ਗੋਹਾ-ਕੂੜਾ ਕੀਤਾ, ਚੁਲ੍ਹਾ ਚੌਂਕਾ ਸਾਂਭਿਆ ਤੇ ਖੇਤ ਵੀ ਰੋਟੀ ਉਹੋ ਲੈ ਕੇ ਗਈ। ਬਲੰਤੋ ਨਿਢਾਲ ਹੋ ਕੇ ਮੰਜੀ ਉਤੇ ਪਈ ਰਹੀ। ਰੋਟੀ ਵੀ ਉਸ ਨਾ ਖਾਧੀ। ਨਿਕੇ ਦੋਵੇਂ ਉਠ ਕੇ ਆਪੇ ਈ ਪਤਾ ਨਹੀਂ ਕਦੋਂ ਚੁਪ ਚੁਪੀਤੇ ਸਕੂਲ ਚਲੇ ਗਏ। ਸੁੰਨੇ ਘਰ ਵਿਚ ਬਲੰਤੋ ਦਾ ਚਿਤ ਕਾਹਲਾ ਪੈਣ ਲਗ ਪਿਆ ਤੇ ਉਹ ਕਿਸੇ ਆਹਰ ਲਗਣ ਲਈ ਉਠ ਕੇ ਬਹਿ ਗਈ। ਪਰ ਮੰਜੀ ਤੋਂ ਉਠਦੀ ਨੂੰ ਸਾਹਮਣੀ ਸਾਂਝੀ ਕੰਧ ਉਤੋਂ ਦੀ ਸਹੁਰੇ ਦੀ ਪੱਗ ਦਿਸੀ, ਤੇ ਉਹਦੇ ਅੰਦਰ ਖਿਲਰੀਆਂ ਸੂਲਾਂ ਨੇ ਉਹਦਾ ਲੂੰ ਲੂੰ ਮੁੜ ਪੱਛ ਦਿਤਾ! ਬਲੰਤੋ

ਫੇਰ ਮੰਜੀ ਤੇ ਪੈ ਗਈ ਤੇ ਉਹਨੂੰ ਗਿਆਲੇ ਨੂੰ ਦਿਤਾ "ਵਚਨ" ਵਿਸਰ ਗਿਆ।

ਜਿਦੇਂ ਉਹ ਵਿਆਹੀ ਆਈ ਸੀ ਉਹਦੀ ਸੱਸ ਓਦੋਂ ਤੋਂ ਈ ਉਹਨੂੰ ਮਿਹਣੇ ਮਾਰਨ ਲਗ ਪਈ ਸੀ। ਸਭ ਤੋਂ ਵਡਾ ਮਿਹਣਾ ਉਹਦਾ ਦਾਜ ਦਾ ਸੀ। "ਅਸੀਂ ਕੋਈ ਸਿਗਲੀਗਰ ਸੀ, ਜਾਏ ਖਾਣਿਆਂ ਨੇ ਚਾਂਦੀ ਦੀਆਂ ਬਾਂਕਾਂ ਪਾ ਕੇ ਸਾਡੇ ਮਥੇ ਮਾਰੀ...! ਨਿਰੇ ਰੂਪ ਨੂੰ ਕਿਸੇ ਥੇਲ੍ਹੀ ਤੇ ਪਾ ਕੇ ਚਟਣੈ!" ਬਲੰਤੋ ਦੇ ਮੂੰਹ ਉਤੇ ਉਸ ਕਿੰਨਾਂ ਚਿਰ ਅਜੇਹਾ ਮਿਹਣਾ ਭਾਵੇਂ ਨਹੀਂ ਸੀ ਦਿਤਾ, ਪਰ ਆਂਢਣਾ ਗੁਆਂਢਣਾਂ ਕੋਲ ਕੀਤੀਆਂ ਉਹਦੀਆਂ ਬਦਖੋਈਆਂ ਦਾ ਬਲੰਤੋ ਨੂੰ ਪੰਤਾ ਲਗਦਾ ਰਿਹਾ ਸੀ। ਆਪਣੇ ਵਲੋਂ ਬਲੰਤੋ ਨੇ ਕਦੇ ਕੋਈ ਸ਼ਕਾਇਤ ਨਹੀਂ ਸੀ ਹੋਣ ਦਿਤੀ। ਸਾਰੇ ਘਰ ਦਾ ਕੰਮ ਉਹ ਅਣਥਕ ਹੋ ਕੇ ਕਰਦੀ। ਦਸਾਂ ਜੀਆਂ ਦੀਆਂ ਰੋਟੀਆਂ ਪਕਾਂਦੀ, ਅਠ ਸਤ ਪਸ਼ੂ ਸਾਂਭਦੀ, ਕਿਸੇ ਦੇ ਗਲ ਮੈਲਾ ਕਪੜਾ ਨਾ ਰਹਿਣ ਦੇਂਦੀ, ਘਰ ਨੂੰ ਕੂਚੇ ਰਿੜਕਣੇ ਵਾਂਗ ਲਿਸ਼ਕਾਈ ਰਖਦੀ। ਪਰ ਫੇਰ ਵੀ ਦਿਨੋ ਦਿਨ ਉਹਦੀ ਸੱਸ ਦੇ ਮਿਹਣੇ ਵਧਦੇ ਵੇਖ ਕੇ ਉਹਦਾ ਚਿੱਤ ਭੈੜਾ ਪੈਣ ਲਗ ਪਿਆ। ਹੋਲੀ ਹੋਲੀ ਉਹ ਆਨੀਂ ਬਹਾਨੀ ਬਲੰਤੋ ਦੇ ਮੂੰਹ ਉਤੇ ਵੀ ਉਹਨੂੰ ਮੰਦਾ ਬੋਲਣ ਲਗ ਪਈ ਤਾਂ ਬਲੰਤੋ ਦਾ ਸਬਰ ਟੁਟ ਗਿਆ।

ਇਕ ਰਾਤ ਉਸ ਗਿਆਲੇ ਨੂੰ ਸਾਰੀ ਗੱਲ ਦੱਸੀ। ਪਰ ਗਿਆਲਾ 'ਤੀਵੀਂਆਂ ਵਰਗਾ' ਬੰਦਾ ਸੀ। ਉਸ ਬੜੀ ਨਰਮੀ ਨਾਲ ਆਖਿਆ, "ਮੈਂ ਜਿਉਂ ਜੰਮਿਐਂ ਕਦੇ ਮਾਪਿਆਂ ਸਾਹਮਣੇ ਨਹੀਂ ਬੋਲਿਆ। ਜੇ ਤੂੰ ਅਗੋਂ ਬੋਲ ਪਈ ਤਾਂ ਸਾਰੀ ਰਖੀ ਰਖਾਈ ਖਿਹ 'ਚ ਪੈ ਜਾਏਗੀ। ਹੋਰ ਭਾਵੇਂ ਜੋ ਜੀ ਆਵੇ ਉਹ ਕਰ ਪਰ ਮੇਰੇ ਮਾਪਿਆਂ ਮੂਹਰੇ ਨਾ ਬੋਲੀਂ—ਸਾਰੀ ਉਮਰ ਵਾਸਤੇ ਨਾ ਬੋਲੀਂ।"

ਤੇ ਗਿਆਲੇ ਨੇ ਉਹਤੋਂ ਮੂਹਰੇ ਨਾ ਬੋਲਣ ਦਾ 'ਵਚਨ' ਲੈ ਲਿਆ। ਤੇ ਇਹ 'ਵਚਨ', ਬਲੰਤੋ ਨੂੰ ਇੰਜ ਲਗਿਆ ਜਿਵੇਂ ਕਿਸੇ ਨੇ ਚਾਣਚੱਕ ਰਮਦ ਪੈਲੀ ਵਿਚ ਪੈਂਦੇ ਮੋਘੇ ਦੇ ਮੂੰਹ ਅਗੇ ਕਰੀਰ ਦੀ ਕੋਈ ਢਿੰਗਰੀ ਅੜਾ ਦਿਤੀ ਹੋਵੇ......ਤੇ ਉਹਦਾ ਅੰਦਰ ਪਾਣੀ ਦੀ ਤਿਹਾਈ ਪੈਲੀ ਵਾਂਗ ਸੁਕਣ, ਤੇ ਫੇਰ ਤਿੜਕਣ ਲਗ ਪਿਆ।

ਪੂਰੇ ਤਿੰਨ ਵਰ੍ਹੇ ਉਹ ਸੱਸ ਦੇ ਖਰ੍ਹਵੇ ਬੋਲ ਤੇ ਮਿਹਣੇ ਸੁਣਦੀ ਰਹੀ। ਸ਼ਰਾਬੀ ਸਹੁਰੇ ਤੇ ਅਲੱਥ ਦਿਉਰ ਦੀਆਂ ਨਾ ਜਰੀਆਂ ਜਾਣ ਵਾਲੀਆਂ ਗੱਲਾਂ ਤੇ ਗਾਲ੍ਹਾਂ ਸੁਣਦੀ ਰਹੀ, ਪਰ ਗਿਆਲੇ ਨੂੰ ਦਿਤਾ "ਵਚਨ" ਉਸ ਨਾ ਤੋੜਿਆ (ਗਿਆਲੇ ਉਤੇ ਪਹਿਲੇ ਦਿਨੋਂ ਉਹਨੂੰ ਏਡਾ ਤਰਸ ਆਉਣ ਲਗ ਪਿਆ ਸੀ ਕਿ ਉਹ ਨਿਆਣਿਆਂ ਵਾਂਗ ਉਹਨੂੰ ਚਾਰੇ ਪਾਸਿਓਂ ਲੁਕਾ ਲਕਾ ਕੇ ਰਖਦੀ ਰਹੀ ਸੀ—ਤੇ ਉਹਦਾ ਇਹ ਤਰਸ ਏਡਾ ਮੋਹ ਬਣ ਗਿਆ ਸੀ ਕਿ ਉਹ ਗਿਆਲੇ ਪਿਛੇ ਆਪਣਾ ਸਭ ਕੁਝ ਛਡਣ ਨੂੰ ਤਿਆਰ ਸੀ)।

ਫੇਰ ਉਹਦੇ ਦਿਓਰ ਦਾ ਵਿਆਹ ਹੋਇਆ। ਉਹਦੀ ਨਵੀਂ ਦਰਾਣੀ ਨੇ ਸਾਰਾ ਅੰਦਰ-ਬਾਹਰ ਭਰ ਦਿਤਾ। ਬਲੰਤੋ ਦਾ ਰਹਿੰਦਾ-ਖੂੰਹਦਾ ਉਕਰ ਵੀ ਮੁਕ ਗਿਆ। ਉਸ ਗਿਆਲੇ ਨੂੰ ਕਈ ਵਾਰੀ ਅੱਡ ਹੋਣ ਦੀ ਸਲਾਹ ਦਿਤੀ,



> ਇਹ ਗਿਆਰਾਂ ਵਰ੍ਹੇ ਉਹ ਸੱਸ, ਸਹੁਰੇ ਤੇ ਸ਼ਰੀਕ ਦੀਆਂ ਠੰਢੀਆਂ ਤੱਤੀਆਂ ਸੁਣਦੀ ਰਹੀ ਸੀ ਤੇ ਉਹਨੇ ਗਿਆਲੇ ਦੇ 'ਵਚਨ' ਦੀ ਅੜਾਈ ਕਰੀਰ ਦੀ ਚਿੰਗਾਰੀ ਨਹੀਂ ਸੀ ਟੁੱਟਣ ਦਿੱਤੀ।

ਪਰ ਜਦੋਂ ਤਾਈਂ ਮਾਪਿਆਂ ਤੇ ਭਰਾ ਨੇ ਉਹਦੀ ਤੀਵੀਂ ਉਤੇ ਸੌ ਸੌ ਊਜਾਂ ਲਾ ਕੇ ਤੇ ਉਹਨੂੰ 'ਰੰਨ ਦਾ ਗੋੱਲਾ' ਆਖ ਆਖ ਕੇ ਘਰੋਂ ਨਾ ਕਢਿਆ, ਓਨਾ ਚਿਰ ਉਹ ਅੱਡ ਨਾ ਹੋਇਆ।

ਅੱਡ ਹੋਣ ਵੇਲੇ ਵੀ ਗਿਆਲੇ ਨੇ 'ਤੀਵੀਆਂ ਵਾਲੀ' ਕੀਤੀ। ਪਿਓ ਨੇ ਹਿੱਸੇ ਆਉਂਦੀ ਪੂਰੀ ਪੈਲੀ ਵੀ ਨਾ ਦਿਤੀ, ਜਿਹੜੀ ਦਿੱਤੀ ਉਹ ਵੀ ਬਾਕੀ ਨਾਲੋਂ ਰੱਦੀ, ਮਾਰੂ ਤੇ ਝਾੜ-ਮਲ੍ਹਿਆ ਵਾਲੀ। ਘਰ ਵਿਚੋਂ ਵੀ ਪੰਜਵਾਂ ਛੀਵਾਂ ਹਿੱਸਾ ਈ ਵੰਡ ਕੇ ਦਿਤਾ। ਬਲਦ ਦੋਵੇਂ ਹਾਰੇ ਤੇ ਸੰਦ ਉਹ ਫੜਾਏ ਜਿਹੜੇ ਕਿਸੇ ਵੀ ਕੰਮ ਦੇ ਨਹੀਂ ਸਨ। ਬਲੰਤੋ ਦੇ ਪੇਕਿਆਂ ਦੇ ਭਾਂਡੇ, ਕਪੜੇ ਵੀ ਅਧਿਓਂ ਬਹੁਤੇ, ਰਖ-ਰਖਾ ਲਏ। ਗਿਆਲਾ ਚੁਪ ਕਰ ਰਿਹਾ, ਬਲੰਤੋ ਉਹਨੂੰ ਦਿਤੇ 'ਵਚਨ' ਤੇ ਕਾਇਮ ਰਹੀ ਤੇ ਦੋਹੇਂ 'ਸਬਰ ਦਾ ਘੁਟ' ਭਰ ਕੇ ਬਹਿ ਗਏ।

ਤੇ ਹੁਣ ਗਿਆਰਾਂ ਵਰ੍ਹੇ ਉਹਨਾਂ ਨੂੰ 'ਸਬਰ ਦਾ ਘੁਟ' ਭਰਦਿਆਂ ਹੋ ਗਏ, ਬਾਰ੍ਹਵਾਂ ਲਗਿਆ ਹੋਇਆ ਸੀ (ਓਹੋ ਬਾਰ੍ਹਵਾਂ ਜਿਹੜੇ ਵਰ੍ਹੇ, ਆਖਦੇ ਨੇ, ਰੂੜੀ ਦੀ ਵੀ ਸੁਣੀ ਜਾਂਦੀ ਏ) ਪਰ ਉਹਨਾਂ ਦੀ ਸੁਣੀ ਨਹੀਂ ਸੀ ਗਈ। ਉਹਨਾਂ ਦਾ ਅੱਧ ਢੱਠਾ ਘਰ ਓਵੇਂ ਜਿਵੇਂ ਸੀ –ਪੱਕੀ ਤਾਂ ਕੀ ਕਚੀ ਇਟ ਵੀ ਨਹੀਂ ਸਨ ਲੁਆ ਸਕੇ, ਓਹੋ ਖੁਰਲੀ ਸੀ ਜਿਥੇ ਜੇਠ ਹਾੜ ਦੇ ਮਹੀਨੇ ਬਧੇ ਪਸ਼ੂਆਂ ਨੂੰ ਸਿਧੀ ਧੁਪ ਆਉਂਦੀ ਸੀ, ਤੇ ਖੁਰਲੀ ਉਤੇ ਪਾਇਆ ਪੁਰਾਣਾ ਛਪਰ ਵੀ ਓਵੇਂ ਜਿਵੇਂ ਸੀ ਜਿਹੜਾ ਧੁਪ ਨੂੰ ਵਿਹੰਦਿਆਂ, ਪਸ਼ੂਆਂ ਨੂੰ ਆਸਰਾ ਦੇਣ ਦੀ ਥਾਂ ਆਪ ਹੌਂਕਣ ਲਗ ਪੈਂਦਾ ਸੀ, ਪਿਛਲੀ ਸਬਾਤ ਵੀ ਓਵੇਂ ਜਿਵੇਂ ਮੀਹਾਂ ਦੀ ਰੁੱਤੇ ਪਾਣੀ ਨਾਲ ਭਰ ਜਾਂਦੀ ਸੀ (ਇਹ ਸਾਰਾ ਕੁਝ ਵਾਹ ਲਗਦੀ ਬਲੰਤੋ ਹਰ ਵੇਲੇ ਸੁਆਰਦੀ ਰਹਿੰਦੀ, ਪਰ ਨਿਰੀ ਉਹਦੀ ਹਥਾਂ ਦੀ ਖੇਚਲ ਨਾਲ, ਅਧੀ ਸਦੀ ਦੀਆਂ ਪੁਰਾਣੀਆਂ ਕੰਧਾਂ ਤੇ ਕਾਠ ਨਵਾਂ ਨਰੋਆ ਨਹੀਂ ਸੀ ਬਣਦਾ।) ਅੱਡ ਹੋ ਕੇ ਨਾ ਉਹਨਾਂ ਕੋਈ ਭਾਰੀ ਮਝ ਖਰੀਦੀ ਸੀ ਤੇ ਨਾ ਕੋਈ ਨਰੋਆ ਬਲਦ ਲਿਆ ਸੀ, ਗੱਡੇ ਦੀ ਜੋੜੀ ਵੀ ਨਵੀਂ ਨਹੀਂ ਸੀ ਚੜ੍ਹਾਈ, ਮੁੜ ਮੁੜ ਬੂਜਲੀਆਂ ਲੁਆ ਕੇ ਓਸੇ ਨਾਲ ਉਖੜੇ-ਹਿਲੇ ਗਡੇ ਨੂੰ ਠਿਬੇ ਛਿਤਰ ਵਾਂਗ ਗਿਆਲਾ ਧੂਹੀ ਫਿਰਿਆ ਸੀ (ਤੇ ਠਠੇ ਨਾਲ ਲੋਕ ਉਹਨਾਂ ਗੱਡੇ ਨੂੰ 'ਗਿਆਲੇ ਦੀ ਨਗੋਰੀ ਗੱਡ' ਆਖਦੇ ਹੁੰਦੇ ਹਨ)।

ਇਹ ਗਿਆਰਾਂ ਵਰ੍ਹੇ ਉਹ ਸੱਸ, ਸਹੁਰੇ ਤੇ ਸ਼ਰੀਕ ਦੀ ਤਤੀਆਂ-ਠੰਡੀਆਂ ਸੁਣਦੀ ਰਹੀ ਸੀ ਤੇ ਓਹਨੇ ਗਿਆਲੇ ਦੇ 'ਵਚਨ' ਦੀ, ਅੜਾਈ ਕਰੀਰ ਦੀ ਢਿੰਗਾਰੀ ਨਹੀਂ ਸੀ ਟੁਟਣ ਦਿਤੀ। ਇਹਦੇ ਨਾਲ ਲਗ ਲਗ ਕੇ ਹੋਰ ਕਿੰਨਾ ਸਾਰਾ ਨਿਕ-ਸੁਕ ਇਕਠਾ ਹੋ ਗਿਆ ਸੀ ਤੇ ਪਾਣੀ ਦਾ ਨਿਕਾਸ ਉਕਾ ਰੁਕ ਗਿਆ ਸੀ .. ... ਤੇ ਉਹਦਾ ਅੰਦਰ, ਏਨੇ ਚਿਰ ਦੇ ਸੋਕੇ ਨਾਲ, ਖਖੜੀ ਵਾਂਗ ਪਾਟ ਗਿਆ ਸੀ।

...ਤੇ ਪਾਣੀ, ਕਦੇ ਕਦੇ ਏਨਾ ਜ਼ੋਰ ਮਾਰਦਾ ਸੀ ਕਿ ਢਿੰਗਰੀ ਟੁਟਣ ਟੁਟਣ ਕਰਨ ਲਗ ਪੈਂਦੀ।

ਹੋਰ ਸਾਰੇ ਜੋ ਆਹਦੇ ਸਨ ਸੋ ਆਂਹਦੇ ਸਨ ਪਰ ਬਿਨਾਂ ਕਿਸੇ ਗੱਲੋਂ

ਉਹਦੀ ਸੌਕਣਾਂ ਵਰਗੀ ਦਰਾਣੀ ਵੀ ਉਹਨੂੰ ਆਰਾਂ ਲਾਣੋਂ ਨਹੀਂ ਸੀ ਹਟਦੀ। ਪਤਾ ਨਹੀਂ ਕੇਹੋ ਜੇਹੇ ਗਏ ਘਰ ਦੀ ਉਹ ਆਈ ਸੀ ਕਿ ਜਿਉਂ ਜਿਉਂ ਬਲੰਤੋ ਦੀ ਹਾਲਤ ਮੰਦੀ ਹੁੰਦੀ ਜਾਂਦੀ ਸੀ ਉਹ ਵਧੇਰੇ ਚਾਭੜਾਂ ਪਾਉਂਦੀ ਸੀ। ਜਦੋਂ ਬਲੰਤੋ ਦਾ ਕੋਈ ਨਿਆਣਾ ਕਿਸੇ ਚੀਜ਼ ਪਿਛੇ ਰੋਂਦਾ, ਉਹਨੂੰ ਖ਼ੁਸ਼ੀ ਜਿਹੀ ਹੁੰਦੀ। ਗਿਆਲਾ ਤੇ ਬਲੰਤੋ ਜਦੋਂ ਉਚਾ ਬੋਲਦੇ ਉਹਦਾ ਅੰਦਰ ਜਿਵੇਂ ਠਰ ਜਾਂਦਾ—ਕੰਧ ਨਾਲ ਕੰਨ ਲਾ ਲਾ ਉਹ ਬਿੜਕਾਂ ਲੈਂਦੀ ਤੇ ਰੱਤੀ ਭਰ ਗੱਲ ਦਾ ਪਹਾੜ ਬਣਾ ਕੇ ਸਾਰੇ ਅਗਵਾੜ ਵਿਚ ਗਾ ਦੇਂਦੀ।

ਪਹਿਲਾਂ ਪਹਿਲਾਂ ਬਲੰਤੋ ਨੂੰ ਸਮਝ ਨਹੀਂ ਸੀ ਆਈ ਕਿ ਉਹਦ ਦਰਾਣੀ ਦਾ ਉਹਦੇ ਨਾਲ ਕੀ ਵੈਰ ਸੀ। ਇਕ ਦਿਨ ਚਾਣਚਕ ਉਹਦੀ ਦਰਾਨੀ ਦਾ ਪਿਓ ਸੰਜਰ ਸੂਈ ਝੋਟੀ ਬੰਨ੍ਹ ਗਿਆ। ਜਦੋਂ ਉਹਨਾਂ ਦੀ ਗੁਆਂਢਣ ਬਚਿੰਤੀ ਦੀ ਨੂੰਹ ਨੇ ਉਹਨੂੰ ਆ ਕੇ ਵਧਾਈ ਦਿਤੀ ਤਾਂ ਬਿਨਾਂ ਕੋਈ ਸਿਧਾ ਜੁਆਬ ਦੇਣ ਦੇ ਉਸ ਕੰਧ ਉਤੋਂ ਦੀ ਟੇਢੀ ਅੱਖ ਝਾਕਦਿਆਂ ਬਲੰਤੋ ਨੂੰ ਸੁਣਾ ਕੇ ਆਖਿਆ, "ਰਬ ਦਾ ਦਿਤਾ ਸਭ ਕੁਝ ਐ—ਸਤ ਖੜੀਆਂ ਸੀ ਹਥਣੀਆਂ ਵਰਗੀਆਂ ਬਾਪੂ ਕਹਿੰਦਾ 'ਬੱਚਾ, ਜਿਹੜੀ ਜੀਅ ਕਰਦੈ ਲੈ ਜਾ।'...ਲੋਕਾਂ ਵਾਂਗੂੰ ਕੂਜੇ ਫੜ ਕੇ ਲੱਸੀ ਨੂੰ ਤਾਂ ਦਰ ਦਰ ਨਾ ਤੁਰੇ ਫਿਰਾਂਗੇ।"

ਤੇ ਓਦੋਂ ਬਲੰਤੋ ਨੂੰ ਗੱਲ ਦੀ ਸਮਝ ਪਈ ਸੀ: ਦਰਾਣੀ ਨੂੰ ਆਪਣੇ ਪੇਕਿਆਂ ਦੀ ਅਮੀਰੀ ਦਾ ਹੰਕਾਰ ਸੀ। ਸਹੁਰੇ ਘਰ ਵੀ ਉਹਦਾ ਏਸੇ ਕਰਕੇ ਉਕਰ ਸੀ, ਤੇ ਏਸੇ ਕਰਕੇ ਉਹ ਬਲੰਤੋ ਨੂੰ ਟਿਡੀ-ਪਲਪੀਹੀ ਈ ਸਮਝਦੀ ਸੀ।

ਬਲੰਤੋ ਦੇ ਚਿੱਤ ਵਿਚ ਓਦੋਂ ਪਹਿਲੀ ਵਾਰੀ ਇਹ ਖ਼ਿਆਲ ਆਇਆ, 'ਜੇ ਉਹ ਵੀ ਸਰਦੇ ਪੁਜਦੇ ਮਾਪਿਆਂ ਦੀ ਧੀ ਹੁੰਦੀ!...'

ਪਰ ਉਹਦੇ ਮਾਪੇ ਤਾਂ ਉਹਨੂੰ ਤੇੜ-ਸਿਰ ਦੇ ਲੀੜੇ ਦੇਣ ਜੋਗੇ ਵੀ ਨਹੀਂ ਸਨ। ਤੇ ਆਪਣੀ ਗਰੀਬੀ ਓਦੋਂ ਉਹਨੂੰ ਬੜੀ ਚੰਦਰੀ ਲਗੀ।

ਫੇਰ ਪਾਣੀ ਦਿਨੋ ਦਿਨ ਚੜ੍ਹਦਾ ਗਿਆ। ਕਰੀਰ ਦੀ ਢਿੰਗਰੀ ਦੇ ਬਲ ਤੋਂ ਵਧੇਰਾ ਜ਼ੋਰ ਕਰਨ ਲਗ ਪਿਆ, ਪਰ ਢਿੰਗਰੀ ਦੇ ਪਾਸੀਂ ਇਕੱਠੇ ਹੋਏ ਨਿੱਕ-ਸੁਕ ਨੇ ਅਜੇ ਤਾਈਂ ਇਹਨੂੰ ਟੁਟਣ ਨਹੀਂ ਸੀ ਦਿਤਾ...ਬਲੰਤੋ ਦੇ ਅੰਦਰ ਦੀ ਧਰਤੀ ਹੋਰ ਵਧੇਰੇ ਤਿੜਕਦੀ ਜਾਂਦੀ ਸੀ; ਘਾਹ ਦੀਆਂ ਜੜ੍ਹਾਂ ਵੀ ਭੁਜਣ ਲਗ ਪਈਆਂ ਸਨ।...

ਬਲੰਤੋ ਸਾਰਾ ਦਿਨ ਨਿਢਾਲ ਹੋ ਕੇ ਪਈ ਰਹੀ। ਦਿਨ ਢਲੇ ਜਦੋਂ ਗਿਆਲਾ ਘਰ ਮੁੜਿਆ ਤਾਂ ਉਹਨੂੰ ਮੰਜੇ ਤੇ ਪਈ ਨੂੰ ਵੇਖ ਕੇ ਉਹਦਾ ਕਾਲਜਾ ਫੜਿਆ ਗਿਆ। ਚਹੁੰ ਪਹਿਰਾਂ ਵਿਚ ਬਲੰਤੋ ਦਾ ਰਹਿੰਦਾ ਰੰਗ-ਰੂਪ ਵੀ ਉਡ ਗਿਆ ਸੀ। ਅੱਖਾਂ ਬਹੁਤੀਆਂ ਈ ਡੂੰਘੀਆਂ ਹੋ ਗਈਆਂ ਸਨ, ਤੇ ਹੇਠਾਂ ਤੇ ਪਾਸਿਆਂ ਤੋਂ ਇੰਜ ਲਗਦੀਆਂ ਸਨ ਜਿਵੇਂ ਕਾਲਸ ਮਲੀ ਹੋਈ ਹੋਵੇ। ਚਿਹਰਾ ਤੇ ਹਥ-ਪੈਰ ਹਲਦੀ ਵਰਗੇ ਪੀਲੇ ਹੋ ਗਏ ਸਨ।

ਗਿਆਲਾ ਨਿਮੋਝੂਣਾ ਜਿਹਾ ਹੋ ਕੇ ਖੁਰਲੀ ਉਤੇ ਬਹਿ ਗਿਆ। ਉਹਦਾ ਸਿਰ ਤੇ ਪਿੱਠ ਬੜੀ ਦੁਖਣ ਲਗ ਪਈ ਸੀ। ਨੀਵੀਂ ਪਾ ਕੇ ਉਸ ਕਸੋਲੀ ਦੇ ਦਸਤੇ ਦੇ ਸਿਰੇ ਉਤੇ ਮਥਾ ਰਖ ਲਿਆ ਤੇ ਉਹਦੇ ਸਿਰ ਨੂੰ ਘੇਰ ਚੜ੍ਹਣ ਲਗ ਪਈ। ਸੁਪਨੇ ਵਾਂਗ ਉਹਨੂੰ ਬਲੰਤੋ ਦੇ ਉਹ ਨਕਸ਼ਾਂ ਦਾ ਖ਼ਿਆਲ ਆਇਆ ਜਿਨ੍ਹਾਂ ਦੀ, ਅਜ ਤੋਂ ਕੁਲ ਚੌਦਾਂ ਵਰ੍ਹੇ ਪਹਿਲਾਂ, ਝਾਲ ਨਹੀਂ ਸੀ ਝੱਲੀ ਜਾਂਦੀ... (ਦੁਧ ਵਰਗੇ ਚਿੱਟੇ ਮੋਮੀ ਕਾਗਜ਼ ਦੀ 'ਗੁਡੀ ਵਰਗੀ' ਉਸ ਤੀਵੀਂ ਨੂੰ ਘੁਟਵਾਂ ਹਥ ਵੀ ਉਹ ਨਹੀਂ ਸੀ ਪਾਉਂਦਾ—ਮਤੇ ਮੈਲੀ ਹੋ ਜਾਏ, ਮਤੇ ਕਿਤੋਂ ਮਚਕੋੜੀ ਜਾਏ...!)

ਜਦੋਂ ਗਿਆਲੇ ਨੇ ਸਿਰ ਉਤਾਂਹ ਚੁਕਿਆ, ਸਾਹਮਣੇ ਜਟੂਰੀਆਂ ਖਿਲਾਰੀ ਫਿਰਦਾ ਮਾਘੀ ਉਹਨੂੰ ਦਿਸਿਆ। ਸ਼ਰਾਬ ਦਾ ਰੱਜਿਆ ਉਹ ਝੂਲਦਾ ਫਿਰਦਾ ਸੀ। ਗਿਆਲੇ ਨੂੰ ਖੁਰਲੀ ਉਤੇ ਇੰਜ ਉਦਾਸ ਬੈਠਿਆਂ ਵੇਖ ਕੇ, ਉਸ ਅੱਡੀਆਂ ਚੁਕ ਕ ਓਧਰ ਵੇਖਿਆ ਤੇ ਵਿਅੰਗ ਨਾਲ ਉਚੀ ਸਾਰੀ ਆਖਿਆ: "ਸੁਣਾ ਬਾਈ ਜਨ—ਮਰੀਦਾ ਕਿਹੜੇ ਰੰਗਾਂ 'ਚ ਐਂ?" (ਉਹਦੀ ਅਵਾਜ਼ ਖਰ੍ਹਵੀ ਤੇ ਬੇ-ਤਰਸੀ ਭਰੀ ਸੀ।)

(ਗਿਆਲਾ ਕਦੇ ਵਧ-ਘਟ ਉਸ ਨਾਲ ਨਹੀਂ ਸੀ ਬੋਲਿਆ। ਗਿਆਰਾਂ ਵਰ੍ਹੇ ਉਹਨੂੰ ਅਡ ਹੋਇਆਂ ਹੋ ਗਏ ਸਨ। ਕਿੰਨੇ ਵਾਰੀ ਉਹਦੇ ਏਸ ਅਲੱਥ, ਸ਼ਰਾਬੀ ਭਰਾ ਨੇ ਉਹਨੂੰ ਮੰਦਾ ਬੋਲਿਆ ਸੀ, ਮਿਹਣੇ ਮਾਰੇ ਸਨ, ਰੜਕਾ ਰੜਕਾ ਕੇ ਗੱਲਾਂ ਆਖੀਆਂ ਸਨ, ਬਲੰਤੋ ਨੂੰ ਸਿਧੀਆਂ ਗਾਲ੍ਹਾਂ ਕਢੀਆਂ ਸਨ, ਪਰ ਗਿਆਲੇ ਨੇ ਅਗੋਂ ਕਦੇ ਓਏ ਨਹੀਂ ਸੀ ਆਖੀ—ਪਾਣੀ ਵਾਂਗ ਸਭ ਪਾ ਕੇ ਅੰਦਰ ਵੜ ਜਾਂਦਾ ਰਿਹਾ ਸੀ। ਗਿਆਲਾ ਅਜ ਵੀ, ਪਹਿਲਾਂ ਵਾਂਗ ਚੁਪ ਚਾਪ ਕਰ ਕੇ ਅੰਦਰ ਜਾ ਵੜਿਆ। ਸਬਾਤ ਦੇ ਪੜਛਾਵੇਂ ਪਈ ਬਲੰਤੋ ਨੇ ਜਦੋਂ ਗਿਆਲੇ ਨੂੰ ਇੰਜ ਅੰਦਰ ਵੜਦਿਆਂ ਵੇਖਿਆ ਤਾਂ ਉਹਦਾ ਸਵਾ ਦਹਾਕੇ ਦੇ ਸੋਕੇ ਨਾਲ, ਖਖੜੀ ਵਾਂਗ ਪਾਟਿਆ ਅੰਦਰ ਝੁਲਸਿਆ ਗਿਆ—ਜਿਵੇਂ ਸੂਰਜ ਦੀ ਸਾਰੀ ਅੱਗ ਉਹਦੇ ਉਤੇ ਡੁਲ੍ਹ ਗਈ ਹੋਵੇ......।

ਉਹ ਉਠ ਕੇ ਬਹਿ ਗਈ। ਦਿਉਰ ਦੀ ਥਾਂ ਉਹਨੂੰ ਦਾਰੂ ਨਾਲ ਡਕਿਆ, ਉਹਦਾ ਸਹੁਰਾ ਖੜੋਤਾ ਦਿਸਿਆ। (ਮਾਘੀ ਹੱਸ ਕੇ ਪਰੇ ਹੋ ਗਿਆ ਸੀ।) ਉਸ ਆਪਣੀਆਂ ਮਰਨਊ ਅਖਾਂ ਨਾਲ ਉਸ ਵਲ ਇੰਜ ਵੇਖਿਆ ਜਿਵੇਂ ਉਹਨੂੰ ਲੈਣ ਆਏ ਧਰਮ—ਰਾਜ ਦੇ ਦੂਤਾਂ ਵਲ ਵਿਹੰਦੀ ਹੋਵੇ! (ਇਸ ਗੱਲ ਦਾ ਖ਼ਿਆਲ ਉਹਨੂੰ ਕਿੰਨਾ ਚਿਰ ਨਾ ਆਇਆ ਕਿ ਸਹੁਰੇ ਦੇ ਸਾਹਮਣੇ ਉਹ ਅਜੇ ਤਾਈਂ ਨੰਗੇ ਸਿਰ ਬੈਠੀ ਸੀ ਮੰਜੀ ਤੋਂ ਉਠ ਕੇ ਬਹਿਣ ਲਗਿਆਂ, ਸਿਰ ਤੋਂ ਲਹਿ ਗਈ ਚੁੰਨੀ ਉਸ ਅਜੇ ਤਾਈਂ ਚੁਕ ਕੇ ਸਿਰ ਉਤੇ ਨਹੀਂ ਸੀ ਲਈ।)

ਉਹ ਉਠ ਕੇ ਬਹਿ-
ਗਈ। ਦਿਉਰ ਦੀ
ਥਾਂ ਉਹਨੂੰ ਦਾਰੂ
ਨਾਲ ਡੱਕਿਆ, ਉਹ-
ਦਾ ਸਹੁਰਾ ਖੜੋਤਾ
ਦਿਸਿਆ।..... ਉਸ
ਆਪਣੀਆਂ ਮਰ-
ਨਊ ਅੱਖਾਂ ਨਾਲ ਉਸ
ਵੱਲ ਇੰਜ ਵੇਖਿਆ..

...ਤੇ 'ਵਚਨ' ਦੀ ਕਰੀਰ ਦੀ ਢਿੰਗਰੀ ਦਾ ਜਰਕਾਟਾ ਪੈ ਗਿਆ...। ਸਾ—ਰਾ ਪਾਣੀ ਸਵਾ ਦਹਾਕੇ ਦੇ ਭੁਖੇ ਮੋਘੇ ਦੇ ਵਿਚੋਂ ਦੀ, ਸਣੇ ਟੁਟੀ ਢਿੰਗਰੀ ਤੇ ਇਸ ਦੁਆਲੇ ਇਕਠੇ ਹੋਏ ਨਿਕ-ਸੁਕ ਦੇ ਹੜ੍ਹ ਵਾਂਗ ਵਗ ਪਿਆ...! ਤੇ ਉਹਦੇ ਝੁਲਸੀਂਦੇ ਅੰਦਰ ਦੀ ਧਰਤੀ ਦੀਆਂ ਪਥਰ-ਹੋਈਆਂ ਤ੍ਰੇੜਾਂ ਭਿਜ ਕੇ ਹੋਰ ਤਿੜਕ ਗਈਆਂ......!

"ਤੇਰੀ...", ਉਹਦੇ ਸਹੁਰੇ ਨੇ, ਉਹਨੂੰ ਨਗੇ ਸਿਰ ਇੰਜ ਬੈਠੀ ਵੇਖ ਕੇ, ਉਚੀ ਸਾਰੀ ਗਾਲ੍ਹ ਕਢੀ। "ਤੂੰ ਸਾਨੂੰ ਕੰਜਰ ਦੀ ਬਣਾ ਛਡਿਐ ਵਹਿਲੇ!... ਬੋਟੀ ਬੋਟੀ ਕਰ ਕੇ ਅੰਦਰੇ ਖਪਾ ਦੂੰ ਹਵਾ ਨ੍ਹੀਂ ਨਿਕਲਣ ਦੇਣੀ, ਭਲਾ ਕਿਤੇ

ਭੁਲੀ ਫਿਰਦੀ ਹੋਵੇ...!"

ਪਰ ਅਜ ਬਲੰਤੋ ਨੂੰ ਅਗੇ ਵਾਂਗ ਸਹੁਰੇ ਤੋਂ ਡਰ ਨਾ ਲਗਿਆ, ਨਾ ਉਹਨੇ ਚੁੰਨੀ ਚੁਕ ਕੇ ਸਿਰ ਤੇ ਧਰੀ, ਨਾ ਅੱਖਾਂ ਨੀਵੀਆਂ ਕੀਤੀਆਂ, ਸਹੁਰੇ ਵਲ ਓਵੇਂ ਬਿਤਰ-ਬਿਤਰ ਝਾਕਦੀ ਰਹੀ।

"ਕੀ ਗੱਲ ਐ ?" ਪਿਤ੍ਰੂ ਨੂੰ ਗਾਲ੍ਹਾਂ ਕਢਦਿਆਂ ਸੁਣ ਕੇ ਮਾਘੀ ਨੇ ਨੇੜੇ ਆ ਕੇ, ਸ਼ਰਾਬੀ ਅਵਾਜ਼ ਵਿਚ ਪਿਉ ਤੋਂ ਪੁਛਿਆ–

"ਆਹ ਵੇਖ ਇਹਨੇ ਸਾਨੂੰ ਕਿਵੇਂ ਠਿੱਠ ਕੀਤੇ ਹੋਰ ਤਾਂ ਸਭ ਕਰਤੂਤਾਂ ਕਰ ਲੀਆਂ, ਹੁਣ ਆਹ ਕਸਰ ਰਹਿੰਦੀ ਸੀ, ਇਹ ਵੀ ਪੂਰੀ ਕਰ ਲੀ--ਵਿਹਨੈ ਕਿਵੇਂ ਕੰਜਰੀਆਂ ਵਾਂਗੂ ਬਿਸ਼ਰਮ ਹੋਈ ਬੈਠੀ ਐ...! ਮੈਨੂੰ ਗੰਡਾਸੀ ਫੜਾ' ਕੇਰਾਂ ਉਰੇ, ਮੈਂ ਇਹਦਾ ਭੁਗਤਾਂ ਧੰਦਾ, ਅਗਾਂਹ ਨੂੰ ਤਾਂ ਸਿਆਪਾ ਮੁੱਕੂ..."

"ਤੂੰ ਕਾਹਨੂੰ, ਧੌਲਿਆਂ ਨੂੰ ਕਲੰਕ ਲੌਣੇ, ਇਹ ਪੁੰਨ ਮੈਨੂੰ ਖਟਣ ਦੇ... ਨਾਲੇ ਵਿਚਾਰੇ ਸਾਡੇ ਬਾਈ ਦੀ ਰਾਤ ਹੋ ਜੂ......ਇਹ ਕਰੀਂਡਲ ਲਾਹ ਈ ਦੇਈਏ ਅਜ ਉਹਦੇ ਗਲੋਂ ..!" ਮਾਘੀ ਨੇ ਖੁਲ੍ਹੇ ਕੇਸਾਂ ਦਾ ਜੂੜਾ ਕਰਦਿਆਂ ਲਲਕਾਰਾ ਮਾਰਿਆ।

ਤੇ ਫੇਰ ਖੁਰਲੀ ਉਤੇ ਚੜ੍ਹ ਕੇ ਉਹਨੇ ਕੰਧ ਉਤੋਂ ਦੀ ਛਾਲ ਮਾਰੀ ਤੇ ਬਲੰਤੋ ਦੇ ਵਿਹੜੇ ਵਿਚ ਆ ਗਿਆ। ਮਾਘੀ ਦੀ ਮਦਦ ਲਈ ਬਲੰਤੋ ਦਾ ਸਹੁਰਾ ਵੀ; ਬਾਹਰ ਦੀ ਹੋ ਕੇ ਗਾਲ੍ਹਾਂ ਕਢਦਾ ਆ ਵੜਿਆ। ਰੌਲਾ ਸੁਣ ਕੇ ਗਿਆਲਾ ਅੰਦਰੋਂ ਨਿਕਲਿਆ ਤੇ ਰਾਕਸ਼ਾਂ ਵਾਂਗ ਅਗਾਂਹ ਵਧੇ ਆਉਂਦੇ ਅਪਣੇ ਭਰਾ ਤੇ ਪਿਉ ਨੂੰ ਵੇਖ ਕੇ ਸਹਿਮ ਗਿਆ।

ਪਰ ਕਰੀਰ ਦੀ ਢਿੰਗਰੀ ਟੁਟ ਚੁਕੀ ਸੀ...!

ਬਲੰਤੋ ਉਹਨਾਂ ਦੋਹਾਂ ਦੇ ਨੇੜੇ ਆਉਣ ਤੋਂ ਪਹਿਲਾਂ ਬਥੁਕਾ ਮਾਰ ਕੇ ਖੜੀ ਹੋ ਗਈ। ਉਹਦੀਆਂ ਅੰਦਰ ਧਸੀਆਂ ਅੱਖਾਂ ਲਾਲ ਸੂਹੀਆਂ ਹੋ ਗਈਆਂ। ਓਵੇਂ ਜਿਵੇਂ ਨੰਗੇ ਸਿਰ, ਉਸ ਖੂੰਜੇ ਪਿਆ ਘੋਟਾ ਚੁਕ ਲਿਆ ਤੇ ਕਿਲਕਾਰੀ ਮਾਰੀ :–

"ਆਓ ਮੇਰੇ ਪਿਓ ਦਾ ਸਾਲਾ, ਕਿਹੜਾ ਮੇਰੇ ਨੇੜੇ ਲਗਦੈ ! ਸਣੇ ਓੜਮੇ ਕੋੜਮੇ ਉਹਦੀਆਂ ਆਂਦਰਾਂ ਕਢ ਲੂੰ, ਜਿਹਨੇ ਮੈਨੂੰ ਹੱਥ ਵੀ ਲਾਇਐ...!"

ਏਡੀ ਉਚੀ ਉਹ ਚੀਕੀ ਕਿ ਗਿਆਲੇ ਤੋਂ ਉਹਦੀ ਅਵਾਜ਼ ਨਾ ਪਛਾਣੀ ਗਈ, ਨਿਆਣੇ ਸਹਿਮ ਕੇ ਕੰਧਾਂ ਨਾਲ ਜਾ ਲਗੇ ਤੇ ਡਾਡਾਂ ਮਾਰਨ ਲਗ ਪਏ। ਗਿਆਲੇ ਦਾ ਪਿਓ ਤੇ ਮਾਘੀ ਵੀ ਕੁਝ ਸਹਿਮ ਗਏ (ਉਹਨਾਂ ਨੂੰ ਸਚ ਨਹੀਂ ਸੀ ਆਉਂਦਾ ਕਿ ਇਹ ਉਹੋ ਤੀਵੀਂ ਸੀ ਜਿਹੜੀ ਸਵਾ ਦਹਾਕਾ ਕੰਧ ਬਣ ਕੇ ਉਹਨਾਂ ਦੀਆਂ ਜੁੱਤੀਆਂ ਖਾਂਦੀ ਰਹੀ ਸੀ, ਖਰ੍ਹਵੇ ਬੋਲ ਤੇ ਗਾਲ੍ਹਾਂ ਸੁਣਦੀ ਰਹੀ ਸੀ, ਤੇ ਕਦੇ ਕੂਈ ਨਹੀਂ ਸੀ), ਪਰ ਅਜ ਓਹੋ ਕਾਲਕਾ ਦਾ ਰੂਪ ਧਾਰੀ ਘੋਟਾ ਚੁਕ ਕੇ, ਦੋ ਦੈਂਤਾਂ ਵਰਗੇ ਬੰਦਿਆਂ ਨੂੰ ਸਿਧੀ ਹੋਈ ਖੜੋਤੀ ਸੀ)। ਇਹ ਗੱਲ ਉਹਨਾਂ ਦੀਆਂ ਸ਼ਰਾਬੀ ਅੱਖਾਂ ਨੂੰ ਵੀ ਓਪਰੀ ਲਗਦੀ ਸੀ। ਪਰ ਸ਼ਰਾਬੀ ਅਖਾਂ, ਬਿਨਾਂ ਕੋਈ ਡੂੰਘੀ ਗੱਲ ਸੋਚਿਆਂ ਹੋਰ ਕਹਿਰ ਵਿਚ ਆ ਗਈਆ। ਤੇ ਅਗਲੇ ਪਲ

... ਉਸ ਖੂੰਜੇ ਪਿਆ
ਘੋਟਾ ਚੁਕ ਲਿਆ ਤੇ
ਕਿਲਕਾਰੀ ਮਾਰੀ :-
"ਆਓ ਮੇਰੇ ਪਿਓ ਦਾ
ਸਾਲਾ, ਕਿਹੜਾ ਮੇਰੇ
ਨੇੜੇ ਲਗਦੈ ! ਸਣੇ
ਓੜਮੇ ਕੋੜਮੇ ਉਹਦੀ-
ਆਂ ਆਂਦਰਾਂ ਕੱਢ
ਲੂੰ, ਜਿਹਨੇ ਮੈਨੂੰ ਹੱਥ
ਲਾਇਐ ... !"

ਉਹ ਦੋਵੇਂ ਪਿਉ-ਪੁਤ, ਉਸ 'ਕੰਜਰੀ ਤੀਵੀਂ' ਨੂੰ ਬਘਿਆੜ ਵਾਂਗ ਪਾੜਣ ਪੈ ਗਏ।

'ਬਲੰਤੋ !" ਗਿਆਲੇ ਨੇ ਕੂਕ ਕੇ ਆਖਿਆ, ਤੇ ਉਹਦੇ ਵਲ ਭਜਿਆ।

ਪਰ ਬਲੰਤੋ !...ਹੁਣ ਕੌਣ ਬਲੰਤੋ ! ਬਲੰਤੋ ਹੁਣ ਕਿਤੇ ਨਹੀਂ ਸੀ... ਕਰੀਰ ਦੀ ਢਿੰਗਰੀ ਟੁਟ ਚੁਕੀ ਸੀ...।

ਗਿਆਲਾ ਅਜੇ ਉਹਦੇ ਕੋਲ ਨਹੀਂ ਸੀ ਅਪੜਿਆ ਕਿ ਬਲੰਤੋ ਨੇ ਆਪਣੇ ਵਲ ਨੱਸੇ ਆਉਂਦੇ ਮਾਘੀ ਵਲ, ਸਿਰ-ਮਦਾਨ ਭਜ ਕੇ ਆਪ ਉਹਨੂੰ ਮਿਲਦਿਆਂ, ਘੋਟਾ ਉਹਦੇ ਸਜੇ ਮੋਢੇ ਉਤੇ ਏਡੇ ਜ਼ੋਰ ਨਾਲ ਮਾਰਿਆਂ ਕਿ ਨਾਲ ਦੀ ਨਾਲ ਉਹਦੀ ਬਾਂਹ ਟੁਟੀ ਟਾਹਣੀ ਵਾਂਗ ਲਮਕਣ ਲਗ ਪਈ। ਸਹੁਰਾ ਅਗਾਂਹ ਹੋਇਆ ਤਾਂ ਉਹ ਮਾਘੀ ਵਲੋਂ ਹਟ ਕੇ ਉਹਨੂੰ ਪੈ ਗਈ। ਜਦੋਂ ਟੁਟਵਾਂ ਜਿਹਾ ਇਕ ਘੋਟਾ ਉਹਦੇ ਵਜਿਆ, ਉਹ ਗਾਲ੍ਹਾਂ ਕਢਦਾ ਪਿਛਾਂਹ ਭਉਂ ਕੇ ਕੋਈ ਡਾਂਗ ਸੋਟੀ ਲਭਣ ਦੇ ਬਹਾਨੇ ਵਿਹੜੇ ਦੇ ਵਿਚਾਲੇ ਆ ਗਿਆ। ਜਦੋਂ ਨੂੰ ਗਿਆਲਾ ਭਜ ਕੇ ਬਲੰਤੋ ਦੇ ਨੇੜੇ ਹੋਇਆ ਓਦੋਂ ਨੂੰ ਉਹ ਗਤਕੇ ਦੇ ਖਿਡਾਰੀ ਵਾਂਗ ਪੁਠ-ਪੈਰੀਂ, ਥਬੁਕਾ ਮਾਰ ਕੇ ਪਿਛਲੀ ਕੰਧ ਨਾਲ ਜਾ ਲਗੀ ਤੇ ਉਸ ਪਹਿਲਾਂ ਵਾਂਗ ਈ ਕਿਲਕਾਰੀ ਮਾਰੀ :

"ਆਓ ਕੋਈ ਸੱਗਾ- ਰੱਤਾ ਮੇਰ ਨੇੜੇ ਤਾਂ ਲਗ ਕੇ ਵੇਖੋ ! ਤੁਸੀਂ ਚੌਦਾਂ ਵਰ੍ਹੇ ਮੇਰਾ ਅੰਦਰ ਸਾੜਿਐ-ਤੀਵੀਂ ਕਰਕੇ ਈ ਨਾ ?...ਲਗੋ ਹੁਣ ਨੇੜੇ ਜੇ ਥੋਡੀ ਰੱਤ ਨਾ ਪੀ ਜਾਂ ਤਾਂ !...ਨਾਲੇ ਸੱਦ ਲੋ ਹੁਣ ਥੋਡੀ ਅਹੁ ਫੁਲਕਿਆਂ ਦੀ ਧੀ ਨੂੰ ਜਿਹੜੀ ਨਿਤ 'ਰਾਜੇ ਮਾਪਿਆਂ' ਦਿਓਂ ਲਿਆ ਲਿਆ ਕੇ ਹਥਣੀਆਂ ਬੰਨ੍ਹਦੀ ਸੀ !...ਤੁਸੀਂ ਗੰਦ ਦਿਓ ਭੁਖਿਓ, ਵਡੇ ਮਰਦਊ-ਪੁਣੇ ਵਾਲਿਓ, ਹੁਣ ਪੰਗਾਲਾਂ ਦੀ ਧੀ ਦੇ ਨੇੜੇ ਲਗ ਕੇ ਵੇਖੋ ..! ਵੇ ਮੈਂ ਚੌਦਾਂ ਵਰ੍ਹੇ ਥੋਡੀਆਂ ਸੁਣੀਆਂ ਪਰ ਤੁਸੀਂ ਮੈਨੂੰ ਗਰੀਬਣੀ ਜਾਣ ਕੇ ਮੇਰੀ ਆਤਮਾ ਪਛਦੇ ਰਹੇ...ਆਓ ਹੁਣ ਲਗੋ ਨੇੜੇ...।"

ਤੇ ਉਹਦੇ ਕਹਿਰ ਤੋਂ ਡਰਦਾ ਸਚਮੁਚ ਕੋਈ ਉਹਦੇ ਨੇੜੇ ਨਹੀਂ ਸੀ ਲਗ ਰਿਹਾ। ਉਹਦਾ ਚਿਹਰਾ, ਪਲ ਦਾ ਪਲ ਇੰਜ ਸੂਹਾ ਹੋ ਗਿਆ ਸੀ ਜਿਵੇਂ ਉਹ ਸਚੀਂ ਈ ਰਤ ਪੀ ਕੇ ਹਟੀ ਹੋਵੇ।...

ਰੌਲਾ ਸੁਣ ਕੇ ਸਾਰਾ ਅਗਵਾੜ ਇਕੱਠਾ ਹੋ ਗਿਆ ਸੀ। ਜਦੋਂ ਲੋਕਾਂ ਨੇ ਬਲੰਤੋ ਨੂੰ ਨੰਗੇ ਸਿਰ ਸਾਰਿਆਂ ਦੇ ਸਾਹਮਣੇ ਇੰਜ ਘੋਟਾ ਚੁਕੀ ਖੜੋਤਿਆਂ ਤੇ ਅਵਾ-ਤਵਾ ਬੋਲਦਿਆਂ ਸੁਣਿਆਂ ਤਾਂ ਬਹੁਤਿਆਂ ਨੇ ਸ਼ਰਮ ਨਾਲ ਨੀਵੀਂ ਪਾ ਲਈ। ਕਈ ਜਿਹੜੇ ਗਿਆਲੇ ਦੇ ਪਿਓ ਤੇ ਮਾਘੀ ਨਾਲ ਖਾਰ ਖਾਂਦੇ ਸਨ, ਵੇਖ ਕੇ ਮੁਸ਼ਕੜੀਏਂ ਹਸਦੇ ਰਹੇ। ਇੰਦਰ ਨੰਬਰਦਾਰ, ਜੀਹਨੇ ਆਪਣੀ ਸਠਾਂ ਵਰ੍ਹਿਆਂ ਦੀ ਉਮਰ ਵਿਚ ਏਡੀ 'ਬਿਸ਼ਰਮ' ਤੀਵੀਂ ਨਹੀਂ ਸੀ ਵੇਖੀ, ਸ਼ਰਮ ਤੇ ਗੁਸੇ ਦਾ ਮਾਰਿਆ ਪਾਣੀ ਪਾਣੀ ਹੋਈ ਜਾਂਦਾ ਸੀ। ਇਕ 'ਤੀਵੀਂ' ਇੰਜ ਗਾਲ੍ਹਾਂ ਕਢਦੀ ਉਹਤੋਂ ਜਰੀ ਨਾ ਗਈ ਤੇ ਅਗਾਂਹ ਹੋ ਕੇ ਉਸ ਆਪਣੀ ਬਜ਼ੁਰਗੀ ਤੇ ਚੌਧਰ ਦਾ ਦਬਾ ਪਾਉਂਦਿਆਂ ਲਲਕਾਰਾ ਮਾਰਿਆ :

"ਚੁਪ ਕਰਦੀ ਐਂ ਕਿ ਨਹੀਂ ?... ... ਕੰਜਰਾਂ ਦੀ ਭੂਤਨੀ ਜੀ, ਕਿਥੋਂ



( ਰੂਪਕਾਰ: ਕਰਨੈਲ ਮਾਨ )



ਮਸਤੀ ਐ !"

ਤੇ ਜਦੋਂ ਉਹ ਥੋੜਾ ਜਿਹਾ ਅਗਾਂਹ ਹੋਇਆ ਤਾਂ ਓਵੇਂ ਕਿਲਕਾਰੀ ਮਾਰ ਕੇ ਬਲੰਤੋ ਕੂਕੀ :-

"ਵੇਖੀਂ ਬਾਬਾ ਐਵੇਂ ਆਵਦੀ ਪੱਗ ਲੁਹਾ ਬੈਠੇਂ ! ਆਵਦੀ ਲੰਬਰਦਾਰੀ ਕੋਲੇ ਰਖ...ਜਦੋਂ ਇਹ ਮੇਰੇ ਨਾਲ ਤੇਰੁਵੀਆਂ ਕਰਦੇ ਹੁੰਦੇ ਸੀ ਓਦੋਂ ਤੂੰ ਵਡਾ ਪਰੇਤੀ ਕਿਥੇ ਗਿਆ ਸੀ ?"

ਨੰਬਰਦਾਰ ਨੇ ਦੰਦਾਂ 'ਚ ਜੀਭ ਦੇ ਲਈ।

ਤੇ ਫੇਰ ਗਿਆਲੇ ਨੇ ਵੇਖਿਆ, ਚਾਣਚਕ ਪਾਸਾ ਈ ਪਰਤ ਗਿਆ। ਇੰਦਰ ਨੰਬਰਦਾਰ ਉਹਦੇ ਵਲ ਝਈ ਲੈ ਕੇ ਪਿਆ :

"ਤੂੰ ਕੋਈ ਬੰਦੈਂ ? ਆਹ ਬਾਂਦਰੀ ਜੀ ਐਨੀਂ ਸਿਰ ਚੜ੍ਹਾ ਛਡੀ ਐ ? ਏਹੋ ਜੀਆਂ ਭੇਡਾਂ ਪਿਛੇ ਤੂੰ ਸਾਰੇ ਪਿੰਡ ਦੀ ਇੱਜਤ ਲੁਹੌਨੈ ਤੈਨੂੰ ਸ਼ਰਮ ਨੀਂ ਆਉਂਦੀ ਕੰਜਰਾ ?"

ਤੇ ਪਲੋਂ ਅੰਦਰ ਅੰਦਰ ਲੋਕ ਬਲੰਤੋ ਨੂੰ ਛਡ ਕੇ ਗਿਆਲੇ ਦੇ ਗਲ ਪੈ ਗਏ। ਉਹ ਇੱਲਾਂ ਦੇ ਘੇਰੇ ਚੂਹੇ ਵਾਂਗ ਬੌਂਦਲ ਗਿਆ !...

"ਸਾਲੋ ਬੰਦਿਆਂ ਦੇ !..."

"ਜੇ ਇਹਦੇ 'ਚ ਤਿੰਨ ਕਾਣੇ ਹੋਣ, ਤੀਵੀਂ ਐਨੀਂ ਸਿਰ ਕੀ ਚੜ੍ਹ ਜਾਏ !"

"ਇਹ ਤਾਂ ਕੁੜੀਆਂ ਉੱਤੋਂ ਦੀ ਜੰਮਿਐਂ, ਤੀਵੀਆਂ ਨਾਲੋਂ ਵੀ ਨਕੰਮੈਂ ਸਾਲਾ ?"

"ਮੇਰੀ ਤੀਵੀਂ ਐਂ ਕਰਦੀ, ਮੈਂ ਵਢ ਕੇ ਅੰਦਰੇ ਕਿਹੜਾ ਨਾ ਖਪਾ ਦਿੰਦਾ..."

"ਤੀਵੀਂ ਕੀ ਬੋਲ ਜੇ ਓਏ ! ਗੁੱਤੋਂ ਫੜ ਕੇ ਚਾਰ ਮਾਰੇ ਜੁੱਤੀਆਂ ਤਕਲੇ ਵਰਗੀ ਹੋ ਜਾਂਦੀ ਐ..."

ਗਿਆਲੇ ਨੂੰ ਏਹੋ ਜੇਹੇ ਗਾਲ੍ਹਾਂ ਵਰਗੇ, ਖਰ੍ਹਵੇ ਬੋਲ ਸੁਣਦੇ ਰਹੇ ਪਰ ਉਹਨੂੰ ਇਹ ਸਾਰਾ ਕੁਝ ਨਿਰਾ ਸੁਪਨੇ ਵਾਂਗ ਲਗਿਆ। 'ਤੀਵੀਂ' ਸ਼ਬਦ ਸੁਣ ਸੁਣ ਕੇ ਉਹਦੀ ਹਾਲਤ ਇੰਜ ਹੁੰਦੀ, ਜਾਂਦੀ ਸੀ ਜਿਵੇਂ ਸੈਆਂ ਬੰਦੇ ਉਹਦੀਆਂ ਦੋਹੇਂ ਬਾਹਾਂ ਫੜ ਕੇ ਰੱਸਾ-ਕਸ਼ੀ ਪਏ ਕਰਦੇ ਹੋਣ। (ਬਲੰਤੋ ਓਹੋ ਤੀਵੀਂ ਸੀ ਜਿਸ ਉਹਦੇ ਪਿਛੇ ਆਪਣਾ ਸਭ ਕੁਝ ਛਡ ਦਿਤਾ ਸੀ, ਆਪਣੀ ਦਿਹ ਵੀ ਗਾਲ੍ਹ ਲਈ ਸੀ...। ਤੇ ਕਦੇ ਕਦੇ ਉਹਨੂੰ ਇੰਜ ਲਗਦਾ ਸੀ ਜਿਵੇਂ ਬਲੰਤੋ ਵਿਚ ਈ ਉਹਦੀ ਜਾਨ ਸੀ-ਜਿਵੇਂ ਬਾਤਾਂ ਵਾਲੇ ਰਾਜੇ ਦੀ ਜਾਨ ਪਿੱਪਲ ਉਤੇ ਟੰਗੇ ਤੋਤੇ ਵਿਚ ! ...ਪਰ ਇਹ ਲੋਕ 'ਤੀਵੀਂ' ਨੂੰ ਕੀ ਆਖਦੇ ਸਨ ?...) ਗਿਆਲੇ ਦੀ ਹਾਲਤ ਬੇਹੋਸ਼ੀ ਵਰਗੀ ਹੋ ਗਈ। ਉਹ ਬੌਂਦਲ ਗਿਆ ਸੀ।

ਅਖ਼ੀਰ ਕਈ ਸਿਆਣੇ ਲੰਮੀ ਸੋਚ ਕੇ ਮਾਘੀ ਤੇ ਉਹਦੇ ਪਿਓ ਨੂੰ ਓਥੋਂ ਮੱਲੋਜ਼ੋਰੀ ਲੈ ਗਏ। ਹਰੇਕ ਨੇ ਬਲੰਤੋ ਤੇ 'ਜ਼ਨਾਨੇ' ਗਿਆਲੇ ਨੂੰ ਚਿਤ-ਆਈਆਂ ਗਾਲ੍ਹਾਂ ਕੱਢੀਆਂ ਤੇ ਹੌਲੀ ਹੌਲੀ ਤੁਰ ਗਏ।

ਪਰ ਬਲੰਤੋ ਅਜੇ ਓਵੇਂ ਘੁੱਟਾ ਫੜੀਂ ਕੰਧ ਨਾਲ ਲਗੀ ਖੜੋਤੀ ਸੀ।

ਗਿਆਲਾ ਘਾਊਂ ਮਾਊਂ ਹੋਇਆਂ ਅੰਦਰ ਜਾ ਵੜਿਆ। ਉਹਨੂੰ ਨਹੀਂ ਪਤਾ ਲਗਾ ਕਿ ਅੰਦਰ ਵੜਦਿਆਂ ਉਹ ਕਦੋਂ ਮੁਸਕਰਾ ਪਿਆ ਤੇ ਉਹਦੀ ਏਸ ਓਪਰੀ ਮੁਸਕਾਨ ਨੂੰ ਤਕ ਕੇ ਆਥਣ ਦੇ ਘਸਮੈਲੇ ਚਾਨਣ ਵਿਚ, ਡਡਿਆਂ ਦੇ ਨਿਆਣੇ ਸਹਿਮ ਕੇ ਇਕ ਦਮ ਚੁਪ ਕਰ ਗਏ ਸਨ।

...ਤੇ ਫੇਰ ਉਸੇ ਪਲ ਉਹਨੂੰ ਬਾਹਰੋਂ ਕਿਸੇ ਸ਼ੈ ਦੇ ਡਿਗਣ ਦੀ ਅਵਾਜ਼ ਸੁਣੀ, ਜਿਵੇਂ ਹਨੇਰੀ ਨਾਲ, ਖੜਸੁਕ ਟਾਹਲੀ ਦਾ ਕੋਈ ਬੰਡਾ ਟਾਹਣਾ ਟੁਟ ਕੇ ਡਿਗਿਆ ਹੋਵੇ। ਉਹ ਬਾਹਰ ਨੱਸਿਆ। ਬਲੰਤੋ ਮੂਧੇ-ਮੂੰਹ ਡਿਗੀ ਪਈ ਸੀ। ਉਹ ਹਥਾਂ ਤੇ ਚੁਕ ਕੇ ਉਹਨੂੰ ਅੰਦਰ ਲੈ ਆਇਆ।

ਤੇ ਓਦੂੰ ਸਤਵੇਂ ਦਿਨ ਲੋਕਾਂ ਨੇ ਸੁਣਿਆ ਬਲੰਤੋ ਮਰ ਗਈ ਸੀ।

---

## 2. ਹਾੜ੍ਹਾਂ ਦੇ ਦੁਪਹਿਰੇ

(ਰਾਮ ਸਰੂਪ ਅਣਖੀ)

ਖੇਤਾਂ ਵਿਚ ਅੱਜ ਉਨ੍ਹਾਂ ਨੂੰ ਕੋਈ ਕੰਮ ਨਹੀਂ ਸੀ।

ਚਾਰੇ ਜਣੇ ਆਪੋ ਆਪਣੇ ਘਰਾਂ ਤੋਂ ਰੋਟੀਆਂ ਖਾ ਕੇ ਬੱਸ-ਅੱਡੇ ਦੀਆਂ ਟਾਹਲੀਆਂ ਥੱਲੇ ਆ ਬੈਠੇ। ਪੱਕੀ ਚੌਂਕੜੀ ਉਤੇ ਇੱਕ ਪਰਨਾ ਵਿਛਾਇਆ ਤੇ ਤਾਸ਼ ਖੇਡਣ ਲੱਗ ਪਏ।

ਦੋ ਘੰਟੇ ਤਾਸ਼ ਖੇਡਦੇ ਰਹੇ।

ਤਿੱਖੜ ਦੁਪਹਿਰਾ ਓਵੇਂ ਦਾ ਓਵੇਂ ਖੜ੍ਹਾ ਸੀ।

ਚਾਹ ਦੀ ਤਲਬ ਲੱਗੀ।

ਅੱਡੇ ਤੋਂ ਘਰ ਦੂਰ ਸਨ।

ਪਰ ਅੱਡੇ 'ਤੇ ਚਾਹ ਦੀ ਦੁਕਾਨ ਹੈਗੀ ਸੀ।

ਚਾਰਾਂ ਦੀਆਂ ਜੇਬਾਂ ਖਾਲੀ ਸਨ।

"ਉਧਾਰੀ ਪੀ ਲੋ।"

"ਉਧਾਰੀ ਨੀ, ਨਗਦ ਪੀਵਾਂਗੇ।"

"ਕਿਵੇਂ ?"

"ਔਹ ਦੇਖੋ, ਬੈਠੇ, ਬਾਵਾ ਜੀ। ਗੁਥਲੀ 'ਚ ਦਸ ਕਿਲੋ ਤੋਂ ਘੱਟ ਨੀ ਹੋਣਾ।"

"ਆਟੇ ਨੂੰ, ਸਾਲਿਆ, ਕੀ ਕਰਾਂਗੇ ?"

"ਆਟਾ ? ਆਟਾ ਵੇਚੋ ਤੇ ਪੈਸੇ ਲਓ। ਕਿਰਪੇ ਦੀ ਹੱਟੀ ਦੂਰ ਤਾਂ ਨੀ। ਪੈਸਿਆਂ ਦੀ ਚਾਹ। ਲਪਟਾਂ ਮਾਰਦੀ। ਹਾ......ਹਾ......।"



ਤੇ ਉਹ ਚਾਰੇ ਬਾਵਾ ਜੀ ਕੋਲ ਗਏ।

"ਬਾਵਾ ਜੀ, ਗੁਥਲੀ ਉਰ੍ਹਾਂ ਫੜਾ ਦਿਓ।"

"ਕਿਉਂ ਬ੍ਹਗਵਨ ?"

"ਚਾਹ ਪੀਣੀ ਐ।"

"ਚਾਏ ਕੀ ਦੁਕਾਨ ਤੋ ਵਹ ਠਹਿਰੀ, ਸੰਤ ਲੋਗੋ।"

"ਨਹੀਂ, ਬਾਵਾ ਜੀ, ਅੱਜ ਥੋਡੇ ਆਟੇ ਦੀ ਚਾਹ ਪੀਣੀ ਐ।"

"ਬੂਈ, ਮੈਂ ਤੋ ਗੁਰ ਗੁਰ ਸੇ ਭਿੱਛਾ ਮਾਂਗ ਕੇ ਲਾਇਆ ਊਂ। ਬਾਰੇ ਦੀ ਗੁਰੋਂ ਸੇ। ਔਰ, ਸੰਤ ਲੋਗੋ, ਬੜੇ ਬਾਵਾ ਜੀ ਪੀਟੇਂਗੇ ਮੇਰੇ ਕੋ, ਅਗਰ......।"

ਇੱਕ ਨੇ ਗੁਥਲੀ ਨੂੰ ਹੱਥ ਪਾਇਆ। ਬਾਵਾ ਜੀ ਖੜ੍ਹੇ ਹੋ ਗਏ। ਚਿਮਟਾ ਉੱਘਰਿਆ।

ਚਾਰੇ ਜਣੇ ਟੁੱਟ ਕੇ ਪੈ ਗਏ।

ਚਿਮਟਾ ਟਾਹਲੀ ਉਤੇ ਟੰਗਿਆ ਗਿਆ। ਖਾਲੀ ਗੁਥਲੀ ਬਾਵਾ ਜੀ ਦੇ ਮੱਥੇ ਨਾਲ ਆ ਵੱਜੀ।

"ਤੇਰੇ 'ਬੜੇ ਬਾਵਾ ਜੀ' ਦੇ ਦਰਸ਼ਨ ਵੀ ਕਰਾਂਗੇ ਕਦੇ। ਕਹਿ ਦੀਂ।"

ਬਾਵਾ ਜੀ ਗਾਲ੍ਹਾਂ ਕਢਦੇ ਟਿੱਲੇ ਵਲ ਤੁਰ ਗਏ।

ਚਾਰੇ ਜਣੇ ਚਾਹ ਪੀ ਰਹੇ ਸਨ ਤੇ ਉੱਚੀ ਉੱਚੀ ਹੱਸ ਰਹੇ ਸਨ।

---

## 3. ਹਾਥੀ ਚਿੰਘਾੜਦਾ ਹੈ

(ਤੇਜਵੰਤ ਮਾਨ)

ਕਹਾਂ ਕਹਾਣੀ......ਭਰ ਹੁੰਗਾਰਾ......ਹੂੰ......ਕੀ ਕਹਾਂ ਕਿਸ ਨੂੰ ਕਹਾਂ ?... ਇਹ ਮੇਰੀ ਕਹਾਣੀ ਦਾ ਨਾਂ......ਚੱਲ ਸੁਣਾ......ਲੈ ਸੁਣ.. ...ਹੂ......!

......ਸ਼ਹੀਦ ਭਗਤ ਸਿੰਘ ਰੋਡ ਤੇ ਇਕ ਕੋਠੀ ਨਵੀਂ ਪਾਈਐ ਪਤੈ ਕੀਹਦੀ ਹੈ.. ਨਾ...ਡਾਲਡੇ ਵਾਲਿਆਂ ਦੀ ਐ ਜੀਦੇ ਮੁੰਡੇ ਵਕੀਲ ਤੇ ਡਾਕਟਰ ਐ ਹਾਂ...ਸੇਠ ਰਾਮ ਲਾਲ ਕੇ...ਸਾਹਮਣੇ ਬਿਲਕੁਲ ਦੂਜੇ ਪਾਸੇ ਇਕ ਕਲਰਕ ਦਾ ਘਰ ਐ...ਨਾਂ ਉਸਦਾ ਵੀ ਰਾਮ ਲਾਲ ਈ ਐ...ਪਰ ਬਾਬੂ ਰਾਮ ਲਾਲ...।

......ਉਸਦੇ ਘਰ ਦੇ ਦਰਵਾਜ਼ੇ ਤੇ ਹਮੇਸ਼ਾਂ ਇਕ ਫ਼ੱਟੀ ਜਿਹੀ ਲਟਕਦੀ ਹੁੰਦੀ ਹੈ...ਬਾਬੂ ਰਾਮ ਲਾਲ ਗਿਆਨੀ, ਬੀ. ਏ. ਅੰਗਰੇਜ਼ੀ।...ਤੇ ਸੇਠ ਰਾਮ ਲਾਲ ਦੀ ਕੋਠੀ ਤੇ ਉਕਰਿਆ ਹੋਇਐ...ਗਰਗ ਕੁਟੀਰ...

.....ਇਕ ਆਂਡਲ ਜ਼ਿਹੀ ਸੋਹਣੀ ਜਿਹੀ ਤੀਵੀਂ ਹੁੰਦੀ ਸੀ ਬਾਬੂ ਦੀ ਪਤਨੀ...ਹਾਂ...ਰੋਜ਼ਾਨਾ ਹੀ ਜਾਂਦੀ ਹੁੰਦੀ ਸੀ ਸੇਠਾਂ ਦੀ ਛੰਨ 'ਚ...ਕਦੇ ਕਿਸੇ

ਬੱਚੇ ਦੇ ਸਵਾਟਰ ਦਾ ਪੱਲਾ ਸਿਰਣ...ਕਦੇ ਸੇਠ ਰਾਮ ਲਾਲ ਦੇ ਪਜਾਮੇ ਦਾ ਮੋਰ...ਤੇ ਕਦੇ ਸੇਠ ਸਾਹਿਬ ਦੇ ਲੜਕਿਆਂ ਦੀਆਂ ਉਨੀ ਪਜਾਮੀਆਂ ਦੀ ਮਿਣਤੀ ਲਈ...

......ਬਾਬੂ ਰਾਮ ਲਾਲ ਸੁਣਿਐ ਮਹੀਨੇ ਦਾ ਸਾਰਾ ਖਰਚ ਕਢਕੇ ਵੀਹ ਰੁਪਏ ਮਹੀਨਾ ਬੈਂਕ 'ਚ ਜਮਾਂ ਕਰਵਾਈ ਜਾਂਦਾ ਸੀ...

......ਪਰ ਪਿਛਲੇ ਵਰ੍ਹੇ ਗੱਡੀ ਹੇਠ ਆ ਕੇ ਮਰ ਗਈ ਸੀ ਉਹ ਆਂਡਲ... ਤਿੰਨ ਪੁਤ ਨੇ ਹੁਣ ਓਹਦੇ...ਸਭ ਤੋਂ ਛੋਟਾ ਬਿਲੂ ਐ...ਦੇਖਣ ਨੂੰ ਲਗਦੇ ਜਿਵੇਂ ਓਹਦੇ ਨਕਸ਼...ਸੇਠ ਰਾਮ ਲਾਲ ਦੇ ਪੋਤੇ ਰਕੇਸ਼ ਨਾਲ ਮਿਲਦੇ ਨੇ...

......ਹੁਣ ਸੁਣਿਐ ਬਾਬੂ ਰਾਮ ਲਾਲ ਦਾ ਅਗਲੇ ਐਤਵਾਰ ਮੰਗਣਾ ਹੋਣੈ...ਸਾਕ ਸੇਠ ਰਾਮ ਲਾਲ ਕੇ ਰਹਿ ਚੁਕਿਆ ਪਿਛਲਾ ਮੁਨਸ਼ੀ ਕਰਦੈ...

......ਊਂ ਇਹ ਵੀ ਕੋਈ ਕਹਾਣੀ ਐ...ਕਹਾਣੀ ਤਾਂ ਹੁੰਦੀ ਐ ਇਕ ਸੀ ਹੀਰ ਤੇ ਇਕ ਸੀ ਰਾਂਝਾ...ਜਾਂ ਫੇਰ ਗੁਰੂ ਨਾਨਕ ਦੀ ਮੱਕਾ ਫੇਰਨ ਦੀ ਸਾਖੀ... ਘਟੋ ਘਟ ਸੋਨ ਚਿੜੀ ਵਾਲੀ ਕਹਾਣੀ ਹੀ ਸੁਣਾ।

......ਚੱਲ ਹੱਟ ਤੂੰ ਤਾਂ ਮਨ ਘੜਤ ਕਹਾਣੀਆਂ ਸੁਣਨਾ ਚਾਹੁੰਦੀ ਹੈਂ... ਤੈਨੂੰ ਸ਼ਾਇਦ ਨੀਂਦ ਆ ਰਹੀ ਹੈ...ਅਗੇ ਲੋਕ ਕਹਾਣੀਆਂ ਬਚਿਆਂ ਨੂੰ ਸੁਣਾਉਣ ਲਈ ਸੁਣਾਇਆ ਕਰਦੇ ਸੀ...ਰਾਂਝੇ ਨੂੰ ਪੰਜ ਪੀਰਾਂ ਦੀ ਥਾਪਣਾ...ਗੁਰੂ ਨਾਨਕ ਦੀ ਕਰਾਮਾਤ...ਸੋਨ ਚਿੜੀ ਦਾ ਮੋਤੀ ਉਗਲਣਾ...ਭਾਰਤ ਸੋਨ ਚਿੜੀ ਹੈ ਨਾ ਕਿਉਂ ?...ਨੀਂਦ ਵਾਲੀਆਂ ਗੋਲੀਆਂ...ਓਦੋਂ ਤਾਂ ਹਾਥੀ ਚਿੰਘਾੜਦਾ ਨਹੀਂ ਸੀ... ਹੁਣ ਹਾਥੀ ਚਿੰਘਾੜੇ ਬਿਨਾਂ ਰਹਿ ਨਹੀਂ ਸਕਦਾ...

.. ...ਬਾਬੂ ਰਾਮ ਲਾਲ ਦੀ ਪਤਨੀ ਗੱਡੀ ਹੇਠ ਆਈ ਨਹੀਂ ਸੀ...ਸਗੋਂ ਪਹਿਲਾਂ ਹੀ ਮਾਰ ਕੇ ਸਿੱਟ ਦਿਤੀ ਸੀ...ਸੁਣਿਐ ਜ਼ਿਲੇ ਦੇ ਕਿਸੇ ਵਡੇ ਅਫ਼ਸਰ ਨਾਲ ਉਸਦੇ ਨਜਾਇਜ਼ ਸਬੰਧ ਸੀ...ਉਹ ਅਫ਼ਸਰ ਸੇਠ ਰਾਮ ਲਾਲ ਤੇ ਬਹੁਤ ਮੇਹਰਬਾਨ ਹੈ...ਹੋਣੇ ਨੇ ਜ਼ਰੂਰ ਹੋਣੇ ਨੇ ਉਹ ਆਂਡਲ ਜਿਹੀ ਸੋਹਣੀ ਬਹੁਤ ਸੀ...

---

ਇਸ ਅੰਕ ਦੇ ਕਹਾਣੀਕਾਰਾਂ ਦੇ ਕੁਝ ਕਹਾਣੀ - ਸੰਗ੍ਰਹਿ :-

ਚੰਨ ਦਾ ਬੂਟਾ
(ਗੁਰਦਿਆਲ ਸਿੰਘ)
ਮਨੁੱਖ ਦੀ ਮੌਤ
(ਰਾਮ ਸਰੂਪ ਅਣਖੀ)
ਪਾਗਲ ਔਰਤ, ਸੱਭਿਆ ਆਦਮੀ
(ਤੇਜਵੰਤ ਮਾਨ)
ਕੋਈ ਇਕ ਜਵਾਬ
(ਸ਼ਮਸ਼ੇਰ ਸਿੰਘ ਸੰਧੂ)

---



# 4.
# ਜਾਹ ! ਤੂੰ ਹੁਣ ਚਲੀ ਜਾਹ

(ਸ਼ਮਸ਼ੇਰ ਸਿੰਘ ਸੰਧੂ)

ਡੈਮੋਕਰੇਸੀ ਨੇ ਪਲੰਘ ਥੱਲਿਉਂ ਜੁੱਤੀ ਲੱਭਦੀ ਨੇ ਕਿਹਾ : "ਵੇ ਲੋਕਿਆ ! ਮੈਨੂੰ ਬੇਤਲ ਕਿਉਂ ਕਹਿੰਦੇ ਹੋ, ਚੰਦਰਿਉ, ਕਿਉਂ ਆਖਦੇ ਹੋ। ਮੈਂ ਤਾਂ ਤਹਾਡੀ ਮਾਂ ਹਾਂ......ਭੈਣ ਹਾਂ। ਮੇਰੀ ਮਜਬੂਰੀ ਨੂੰ ਸਮਝੋ। ਮੈਂ ਬੁਰੀ ਨਹੀਂ, ਬੁਰੀ ਬਣਾਈ ਗਈ ਹਾਂ।"

ਲੋਕ ਰਾਇ ਨੇ ਮੁੱਛਾਂ ਨੂੰ ਤਾਅ ਦੇਂਦਿਆਂ ਕਿਹਾ : 'ਜੇ ਤੈਨੂੰ ਵਾਕਿਆ ਈ ਬੁਰੀ ਬਨਾਉਣ ਵਾਲਾ ਕੋਈ ਹੋਰ ਹੈ, ਤਾਂ ਤੂੰ ਫਿਰ ਆਵਦੇ ਕਾਲੇ ਚੋਰ ਨੂੰ ਕਿਉਂ ਨਹੀਂ ਫੜਦੀ ?"

"......ਊਂ ਤਾਂ ਹੁਣ ਮੈਂ ਕੀਹਦਾ ਕੀਹਦਾ ਨਾਂ ਲਵਾਂ। ਪਰ ਸਭ ਤੋਂ ਪਹਿਲੋਂ ਮੈਨੂੰ ਏਸ ਪੂੰਜੀ ਲਾਲ ਨੇ ਪੱਟਿਆ। ਇਸ ਚੰਦਰੇ ਨੇ ਬੜੇ ਸਬਜ਼-ਬਾਗ਼ ਵਿਖਾਏ......ਮੇਰੇ ਤੇ ਤਰਸ ਕਰੋ। ਮੈਂ ਤਾਂ ਤੁਹਾਡੀ......।"

"ਖ਼ੈਰ, ਇਹ ਧੰਦਾ, ਹੁਣ ਤੇਰੀ ਮਜਬੂਰੀ ਨਹੀਂ ਰਿਹਾ। ਅਯਾਸ਼ ਜ਼ਿੰਦਗੀ ਜਿਉਣ ਦਾ ਸਾਧਨ ਬਣ ਚੁੱਕਿਆ ਹੈ। ਦੇਖੇਂ ਨਾ......ਇਹ ਸਾੜ੍ਹੀਆਂ ਨਾਲ ਤੁੰਨੀ ਹੋਈ ਅਲਮਾਰੀ, ਲੱਖਾਂ ਕਰੋੜਾਂ ਅੰਕੜਿਆਂ ਨਾਲ ਭਰੀ ਤੇਰੀ ਬੈਂਕ ਪਾਸ-ਬੁੱਕ, ਘੁੱਗੀ ਰੰਗੀਆਂ ਕਾਰਾਂ......ਤੇ......ਤੇ......ਮੁੱਕਦੀ-ਗੱਲ ਅਸੀਂ ਹੁਣ ਤੈਨੂੰ ਰਖਣਾ ਨਹੀਂ ਚਾਹੁੰਦੇ......ਤੂੰ ਚਲੀ ਜਾਹ ਹੁਣ। ਲੋਕ ਰਾਇ ਨੇ ਆਪਣੀ ਕਰੜ-ਬਰੜੀ ਦਾਹੜੀ ਉਤੇ, ਅੱਟਣਾਂ ਨਾਲ ਭਰਿਆ ਹੋਇਆ ਹੱਥ ਫੇਰਿਆ।

ਉਹਨੇ ਆਪਣੀਆਂ ਮੱਕਾਰ ਅੱਖਾਂ ਨੂੰ ਝਮਕਿਆ ਤੇ ਬੋਲੀ : "ਵੇ ਲੋਕਿਆ, ਉਰ੍ਹੇ ਹੋ ਕੇ ਗੱਲ ਸੁਣ...... ਕੰਨ ਕਰ ਮੇਰੇ ਨੇੜੇ ਨੂੰ......ਜੇ ਤੇਰੇ ਨਾਂ ਮੁਰੱਬੇ ਲੁਆਂ ਦਿਆਂ, ਆਖੇਂ ਤਾਂ ਕਪਾਹ ਦਾ ਕਾਰਖ਼ਾਨਾ ਲੁਆ ਦਿਆਂ, ਭੱਠਿਆਂ ਦੇ ਪਰਮਿਟ ਲੈ ਦਿਆਂ......ਤੇ ਹੋਰ ਜੋ ਤੂੰ ਮੰਗੇਂ ਸੋਈ ਮੰਗ ਪੂਰੀ ਕਰ ਦਿਆਂ......ਫਿਰ ਤਾਂ......"

ਲੋਕ ਰਾਇ ਉਹਦੇ ਕੋਲੋਂ ਉਠ ਕੇ ਪਰ੍ਹੇ ਹੋ ਗਿਆ ਤੇ ਤੱਪਦੀ ਨਿਗਾਹ ਸੁਟ ਕੇ ਬੋਲਿਆ : "ਸਾਡੇ ਵੱਡੇ ਵਡੇਰੇ ਇਨਕਲਾਬ ਚੰਦ ਦਾ ਕਹਿਣਾ ਪੱਥਰ ਤੇ ਲਕੀਰ ਵਰਗਾ ਹੁੰਦੈ। ਉਹਨੇ ਇਹ ਸੋਚ ਰਖਿਐ ਕਿ ਜਾਂ ਤਾਂ ਏਸ 'ਘਰ' ਵਿਚ ਤੂੰ ਹੋਵੇਂਗੀ, ਜਾਂ ਉਹਦਾ ਪੁੱਤ ਕੁਮਾਰ ਸਮਾਜਵਾਦ ਰਹੇਗਾ......।"

"ਦੇਖ ਲੈ......ਮੇਰੇ ਚਾਚੇ ਦਾ ਪੁੱਤ......'ਮਰੀਕਾ......ਦਸ ਨੰਬਰੀਆ ਵੈਲੀ ਕਹਾਉਂਦਾ। ਸਾਰੇ ਇਲਾਕੇ 'ਚ ਧਾਂਕ ਪਾਈ ਹੋਈ ਆ ਉਹਨੇ। ਉਹਦੇ ਚੱਟੇ ਤਾਂ ਰੁੱਖ ਵੀ ਹਰੇ ਨਹੀਂ ਹੁੰਦੇ......।" ਡੈਮੋਕਰੇਸੀ ਨੇ ਆਖ਼ਰੀ ਦਬਕਾ ਮਾਰ ਕੇ, ਉਹਨੂੰ ਪੈਰਾਂ ਤੋਂ ਕੱਢਣਾ ਚਾਹਿਆ।

ਲੋਕ ਰਾਇ ਦੀਆਂ ਅੱਖਾਂ ਵਿਚ ਇਕਦਮ ਖ਼ੂਨ ਉਤਰ ਆਇਆ : "ਤੇਰੀ......ਇਹ ਮਜਾਲ !" ਤੇ ਉਹਨੇ ਆਪਣੀਆਂ ਦੋਵੇਂ ਮੁੱਠੀਆਂ ਘੁਟ ਕੇ ਮੀਟ ਲਈਆਂ : "ਲਿਆ, ਤੂੰ ਜੀਹਨੂੰ ਲਿਆਉਨੀ ਐਂ। ਦੇਖ ਲਾਂਗੇ ਤੇਰੇ ਅਮਰੀਕੇ ਵੈਲੀ ਨੂੰ ਵੀ......ਵੱਡੇ ਸਾਨ੍ਹ ਦਾ ਨਾਂ ਲੈ ਲੈ ਕੇ ਡਰਾਵੇ ਦਿੰਦੀ ਐਂ ਸਾਨੂੰ......ਬੇਤਲੇ।"

"ਨਹੀਂ......ਨਹੀਂ, ਮੈਂ ਤਾਂ ਐਵੇਂ ਮੂੰਹੋਂ ਕਹਿ ਬੈਠੀ......ਮੈਂ......ਮੈਂ......ਕੋਈ ਚਾਰਾ......ਚਲੀ ਜਾਵਾਂਗੀ ......ਮੈਂ...ਮੈਂ......ਨਿਕਮੁਕ ਮੇਰਾ......ਮੈਂ......ਅੱਛਾ......ਮੈਂ......।"

ਲੋਕ ਰਾਇ ਨੇ ਉਹਦੇ ਵਲ ਘੋਖਵੀਂ ਨਜ਼ਰ ਸੁੱਟੀ। ਡੈਮੋਕਰੇਸੀ ਦੇ ਚਿਹਰੇ ਉਤੇ ਇਕ ਰੰਗ ਆ ਰਿਹਾ ਸੀ ਤੇ ਇਕ ਰੰਗ ਜਾ ਰਿਹਾ ਸੀ......

ਇਕ ਨੋਟ — (......ਪਰਦਾ ਤਾਹੀਉਂ ਡਿੱਗੇ, ਜੇ ਪਰਦਾ ਕੀਤਾ ਹੋਵੇ......ਚਲਦਾ......)

# 5.
# ਕਾਗਜ਼ੀ ਸ਼ੇਰ
(ਗੁਰਬਚਨ)



( ਰੂਪਕਾਰ: ਨਿਰਮਲ ਧਾਲੀਵਾਲ )

ਆਪ ਤਾਂ ਉਹ ਕੋਰਾ ਅਨਪੜ੍ਹ ਸੀ। ਉਸ ਨੇ ਤਾਂ ਪੜ੍ਹੇ ਮੁੰਡਿਆਂ ਤੋਂ, ਧਰਮਸਾਲਾ ਦੀ ਕੰਧ ਉਤੇ ਵੱਡੇ ਵੱਡੇ ਅਖਰਾਂ ਵਿਚ ਲਿਖੀ ਲਿਖਤ ਪੜ੍ਹਦਿਆਂ ਸੁਣਿਆ ਸੀ। ਕੰਧ ਉਤੇ ਭਾਵੇਂ ਕਈ ਕੁਝ ਲਿਖਿਆ ਹੋਇਆ ਸੀ। ਅਤੇ ਪੜ੍ਹੇ ਮੁੰਡੇ ਆਮ ਹੀ ਲੰਘਦੇ ਕਰਦੇ ਉੱਚੀ ਉੱਚੀ ਪੜ੍ਹਦੇ ਰਹਿੰਦੇ ਸਨ। ਪਰ ਉਸ ਨੂੰ ਤਾਂ ਬਾਰ ਬਾਰ ਸੁਣਨ ਤੇ ਬਸ ਏਨੀ ਕੁ ਸਮਝ ਪਈ ਕਿ 'ਸਾਰੇ ਸਰਮਾਏਦਾਰ...ਜੈਲਦਾਰ...ਰਜਵਾੜੇ...ਕਾਗਜ਼ੀ ਸ਼ੇਰ...।' 'ਜੈਲਦਾਰ...ਕਾਗਜ਼ੀ ਸ਼ੇਰ...।' ਸ਼ਬਦ ਉਸਦੇ ਜ਼ਿਹਨ ਵਿਚ ਜਿਵੇਂ ਖੁਭ ਹੀ ਗਏ ਹੋਣ ਉਸ ਨੂੰ ਬਾਰ ਬਾਰ ਯਾਦ ਆਉਂਦੇ। ਉਹ ਸੋਚਦਾ ਪੁਲੀਸ ਇਹਨਾਂ ਜੈਲਦਾਰਾਂ ਦੀ ਯਾਰ, ਵੱਡੇ ਵੱਡੇ ਅਫਸਰ ਇਹਨਾਂ ਦੇ ਲੰਗੋਟੀਏ, ਸਰਕਾਰੇ ਦਰਬਾਰੇ ਇਹਨਾਂ ਦਾ ਸਿਕਾ ਚਲਦਾ ਕੀ ਇਹ ਵੀ ਕਾਗਜ਼ੀ...?"

ਪਿੰਡ ਦੇ ਜੈਲਦਾਰਾਂ ਬਾਰੇ ਉਹ ਕੁਝ ਵਧੇਰੇ ਹੀ ਸੋਚਦਾ ਰਹਿੰਦਾ। ਸੋਚਦਾ ਵੀ ਕਿਉਂ ਨਾਂ ਉਸ ਦਾ ਹੁਣ ਤਕ ਦਾ ਸਾਰਾ ਜੀਵਨ ਉਹਨਾਂ ਦਾ ਕੰਮ ਕਰਦਿਆਂ ਹੀ ਲੰਘ ਗਿਆ ਸੀ। ਉਹ ਉਹਨਾਂ ਦੇ ਸਾਰੇ ਭੇਦ ਜਾਣਦਾ ਸੀ। ਨਿਕਾ ਹੁੰਦਾ ਉਹ ਉਹਨਾਂ ਦੇ ਡੰਗਰ ਚਾਰਦਾ ਹੁੰਦਾ ਸੀ। ਜਦੋਂ ਉਹ ਜਵਾਨ ਹੋਇਆ ਤਾਂ ਉਸ ਨੇ ਉਹਨਾਂ ਦਾ ਖੇਤੀ ਪਤੀ ਦਾ ਸਾਰਾ ਕੰਮ ਸੰਭਾਲ ਲਿਆ ਸੀ। ਜਵਾਨੀ ਵਿਚ ਉਹ ਬੜਾ ਨਰੋਆ ਸੀ ਅਤੇ ਕੰਮ ਨੂੰ ਬਹੁਤ ਫੁਰਤੀਲਾ ਤੇ ਅੰਤ ਦਾ ਸਿਰੜੀ ਸੀ। ਇਸ ਲਈ ਉਹ ਦਿਨ ਰਾਤ ਕੰਮ ਕਰਦਾ ਨਹੀਂ ਥਕਦਾ ਇਸ ਪਾਸੇ ਉਹਦੇ ਘਰ ਦੇ ਜੀਆਂ ਵਿਚ ਵਾਧਾ ਹੋ ਰਿਹਾ ਸੀ ਅਤੇ ਦੂਜੇ ਪਾਸੇ ਮਹਿੰਗਾਈ ਸਿਖਰ ਛੋਹ ਰਹੀ ਸੀ। ਇਸ ਦੋ ਧਾਰੀ ਤਲਵਾਰ ਨੇ ਉਸ ਦੀ ਆਮਦਨ ਅਤੇ ਖਰਚ ਵਿਚ ਅਸਾਵਾਂਪਨ ਲੈ ਆਂਦਾ। ਹੁਣ ਉਸ ਨੂੰ ਘਰ ਦੇ ਫਿਕਰ ਵਢ ਵਢ ਖਾਣ ਲਗੇ। ਜਿਸ ਨਾਲ ਉਸ ਤੇ ਜਵਾਨੀ ਵਾਲਾ ਰੰਗ ਛੇਤੀ ਹੀ ਫਿੱਕਾ ਪੈ ਗਿਆ। ਕੰਮ ਵਿਚ ਉਹ ਫੁਰਤੀ ਨਾ ਰਹੀ। ਜੈਲਦਾਰਾਂ ਨੇ ਦਿਨ ਰਾਤ ਕੰਮ ਲੈਣ ਲਈ ਉਸ ਨੂੰ ਨਸ਼ਾ ਦੇਣਾ ਆਰੰਭ ਕਰ ਦਿਤਾ। ਕਦੀ ਉਸ ਦੀ ਦਾਲ ਵਿਚ ਪੋਸਤ ਦੇ ਡੋਡੇ ਪਾ ਦਿੰਦੇ ਕਦੀ ਉਸ ਨੂੰ ਅਫੀਮ ਦੇ ਦਿੰਦੇ। ਸਾਹ ਪੈਣ ਤੇ ਉਹ ਨਸ਼ੇ ਦਾ ਆਦੀ ਹੋ ਗਿਆ। ਜਿਉਂ ਜਿਉਂ ਉਸ ਦੀ ਨਸ਼ਿਆਂ ਤੇ ਟੇਕ ਵਧਦੀ ਗਈ ਤਿਉਂ ਤਿਉਂ ਉਸਦੇ ਸਰੀਰ ਦੀ ਸਤਿਆ ਜਾਂਦੀ ਰਹੀ। ਹੁਣ ਜਦੋਂ ਕਦੋਂ ਉਸ ਨੂੰ ਨਸ਼ਾ ਨਾ ਮਿਲਦਾ ਉਹ ਮੰਜੇ ਤੋਂ ਨਾ ਉਠ ਸਕਦਾ। ਸਾਲ ਦੇ ਅੰਤ ਵਿਚ ਜਦੋਂ ਜੈਲਦਾਰ ਉਹਦਾ ਹਿਸਾਬ ਕਰਦੇ ਤਾਂ ਪੰਜ ਸੱਤ ਸੌ ਰੁਪਿਆ ਉਹਦੇ ਵਲ ਨਿਕਲਦਾ। ਉਸ ਦੀ ਪਤਨੀ ਤਾਂ ਪਹਿਲਾਂ ਹੀ ਜੈਲਦਾਰਾਂ ਦੇ ਕੰਮ ਕਰਦੀ ਸੀ ਹੁਣ ਉਹਦੀ ਜਵਾਨ ਧੀ ਵੀ ਬਹੁਤਾ ਸਮਾਂ ਜੈਲਦਾਰਾਂ ਦੇ ਹੀ ਕੰਮ ਕਰਦੀ ਰਹਿੰਦੀ ਅਤੇ ਉਹਦਾ ਦਸ ਕੁ ਸਾਲ ਦਾ ਮੁੰਡਾ ਉਹਨਾਂ ਦੇ ਡੰਗਰ ਚਾਰਦਾ। ਬਾਕੀ ਨਿਆਣੇ ਅਜੇ ਛੋਟੇ ਸਨ।

ਚਲਦਾ ਸਾਲ ਖਤਮ ਹੋਇਆ। ਅਗੋਂ ਨੂੰ ਜੈਲਦਾਰਾਂ ਨੇ ਉਸ ਨੂੰ ਸੀਰੀ ਰਖਣ ਤੋਂ ਸਾਫ ਜਵਾਬ ਦੇ ਦਿਤਾ ਉਸਦੀ ਉਸ ਦੀ ਭਾਵੇਂ ਚਾਲੀਆਂ ਤੋਂ ਵਰ੍ਹਾ ਦੋ ਵਰ੍ਹੇ ਉਪਰ ਸੀ। ਪਰ ਦਮੇ ਦੀ ਬੀਮਾਰੀ ਕਾਰਣ ਉਹ ਬੁਢਿਆਂ ਵਾਂਗ ਨਿਕਾਰਾ ਹੋ ਚੁਕਿਆ ਸੀ। ਕਿਸ ਨੇ ਸੀਰੀ ਰਖ ਕੇ ਉਸ ਹਡੀਆਂ ਦੇ ਕਰੰਗ ਦਾ ਹੁਣ ਬਣਾਉਣਾ ਹੀ ਕੀ ਸੀ। ਹੁਣ ਉਸ ਨੂੰ ਦਿਹਾੜੀ ਤੇ ਵੀ ਕੋਈ ਅਣਸਰਿਆਂ ਹੀ ਲੈ ਕੇ ਜਾਂਦਾ ਸੀ। ਜੇਕਰ ਕੋਈ ਲੈ ਵੀ ਜਾਂਦਾ ਤਾਂ ਨਸ਼ਾ ਪਿਆ ਕੇ ਵੀ ਉਸ ਤੇ ਅਹਿਸਾਨ ਕਰਦਾ ਹੋਰ ਕੁਝ ਤਾਂ ਉਸ ਨੂੰ ਕੀ ਮਿਲਣਾ ਸੀ। ਵਿਹਲਾ ਉਹ ਦਿਨ ਰਾਤ ਸੋਚਾਂ ਵਿਚ ਡੁਬਿਆ ਰਹਿੰਦਾ। ਹੁਣ ਪਿੰਡ ਵਿਚ ਕੋਈ ਛੋਟੀ ਮੋਟੀ ਚੋਰੀ ਹੁੰਦੀ ਜਾਂ ਖੂਹ ਖੇਤ ਵਿਚੋਂ ਕੋਈ ਛੋਟੀ ਮੋਟੀ ਚੀਜ਼ ਚੁਕੀ ਜਾਂਦੀ ਤਾਂ ਉਹ ਉਹਦੇ ਸਿਰ ਲਗਦੀ। ਜਿਸ ਤੇ ਉਹ ਆਪਣੇ ਐਬਾਂ ਨੂੰ ਲਾਨ੍ਹਤਾਂ ਪਾਉਂਦਾ ਆਪਣੇ ਆਪ ਨੂੰ ਕੋਸਦਾ। ਪਰ ਦੂਜੇ ਹੀ ਪਲ ਉਹ ਸੋਚਦਾ। ਮੈਨੂੰ ਅਮਲ ਖਾਣ ਲਾਇਆ ਤਾਂ ਜੈਲਦਾਰਾਂ ਨੇ ਹੀ ਹੈ। ਹੁਣ ਚੂਸ ਕੇ ਗਿਟਕ ਵਾਂਗ ਵਗਾਹ ਮਾਰਿਆ। ਸਾਰੀ ਉਮਰ ਦੀ ਕਮਾਈ ਦਾ ਕੀ ਮਿਲਿਆ। ਭੁੱਖ, ਨੰਗ, ਗੁਰਬੱਤ ਦੇ ਅਤੇ ਦਮੇ ਦਾ ਕੋਹੜ...।' ਦੂਜੇ ਪਾਸੇ ਹਵੇਲੀਆਂ, ਸੁੰਦਰ ਬੰਗਲੇ, ਕਾਰਾਂ ਤੇ ਆਪ ਵਿਸਕੀਆਂ...।' ਇਸ ਤਰਾਂ ਸੋਚਦਿਆਂ ਸੋਚਦਿਆਂ ਕਈ ਵਾਰੀ ਗੁਸੇ ਅਤੇ ਨੱਫਰਤ ਵਿਚ ਪਾਗਲਾਂ ਵਾਂਗ ਬੁੜਬੁੜਾਉਣ ਲਗ ਪੈਂਦਾ। ਗੁਸੇ ਵਿਚ ਉਹਨੂੰ ਜਾਪਦਾ ਜਿਵੇਂ ਜੈਲਦਾਰ ਸੱਚਮੁਚ ਹੀ ਕਾਗਜ਼ੀ ਸ਼ੇਰ ਹੁੰਦੇ ਹਨ। ਪਰ ਦੂਜੇ ਹੀ ਪਲ ਉਸ ਨੂੰ ਇਸ ਸਚਾਈ ਤੇ ਫਿਰ ਸ਼ਕ ਹੋ ਜਾਂਦਾ ਅਤੇ ਮਨ ਹੀ ਮਨ ਵਿਚ ਸੋਚਦਾ ਕਿ ਕੰਧ ਦੀ ਲਿਖਤ ਦੇ ਸਚ ਝੂਠ ਦਾ ਨਿਤਾਰਾ ਤਾਂ ਪਰਖਿਆਂ ਹੀ ਹੋਵੇਗਾ।

ਇਹਨਾਂ ਸੋਚਾਂ ਦੀ ਤਾਣੀ ਵਿਚ ਉਲਝਿਆ ਇਕ ਦਿਨ ਉਹ ਉਠਿਆ ਚਾਕੂ ਉਹਨੇ ਆਪਣੀ ਪਾਟੀ ਹੋਈ ਧੋਤੀ ਦੇ ਡੱਬ ਵਿਚ ਦੇ ਲਿਆ ਅਤੇ ਦਿਨ ਦੇ ਛਿਪਾ ਨਾਲ ਘਰੋਂ ਬਾਹਰ ਨੂੰ ਚਲ ਪਿਆ। ਧਰਮਸਾਲਾ ਕੋਲ ਦੀ ਲੰਘਦਿਆਂ ਉਸਨੂੰ ਫਿਰ ਉਹੀ ਤੁਕ ਯਾਦ ਆ ਗਈ ਜੈਲਦਾਰ ਕਾਗਜ਼ੀ ਸ਼ੇਰ...। ਉਸਨੇ ਦੇਖਿਆ ਕੰਧ ਤੋਂ ਕਿਸੇ ਨੇ ਉਹ ਲਿਖਤ ਮਿਟਾ ਦਿਤੀ ਸੀ।

ਪਰ ਉਸਦੇ ਮਨ ਤੇ ਉਕਰੇ ਸ਼ਬਦ ਨਾ ਮਿਟਾਏ ਜਾ ਸਕੇ ਇਸੇ ਲਈ ਹੀ ਧਰਮਸ਼ਾਲਾ ਦੀ ਗਲੀ ਵਾਲੀ ਕੰਧ ਕੋਲ ਦੀ ਲੰਘਦਿਆਂ ਹੀ ਉਸ ਨੂੰ ਯਾਦ ਆ ਜਾਂਦੇ ਸਨ । ਇਹਨਾਂ ਯਾਦਾਂ ਵਿਚ ਡੁੱਬਿਆ ਉਹ ਪਿੰਡੋਂ ਨਿਕਲਕੇ ਉਸ ਪਹੇ ਪੈ ਗਿਆ ਜਿਸ ਪਹੇ ਤੇ ਚਲਦਿਆਂ ਚਲਦਿਆਂ ਉਸ ਦੇ ਪੈਰ ਲੋਹੇ ਦੇ ਬਣ ਚੁਕੇ ਸਨ । ਖਿਆਲਾਂ ਵਿਚ ਡੁੱਬੇ ਹੋਏ ਨੇ ਅਚੇਤ ਹੀ ਉਸ ਨੇ ਸਿਗਰਟ ਸੁਲਘਾ ਲਈ । ਅਜੇ ਉਸਨੇ ਪਹਿਲਾਂ ਹੀ ਸੂਟਾ ਖਿੱਚਿਆ ਸੀ ਕਿ ਖੰਘ ਛਿੜ ਪਈ । ਖੰਘ ਅਜਿਹੀ ਛਿੜੀ ਕਿ ਉਸਨੂੰ ਖੰਘਦਿਆਂ ਖੰਘਦਿਆਂ ਹੱਥੂ ਆ ਗਿਆ । ਅਤੇ ਉਸਨੂੰ ਬੈਠਣਾ ਪਿਆ । ਗੁਸੇ ਵਿਚ ਉਸਨੇ ਸਿਗਰਟ ਪੈਰ ਥਲੇ ਮਸਲ ਦਿਤੀ । ਖੰਘ ਦਾ ਪਰਕੋਪ ਘਟਣ ਤੇ ਉਹ ਉਠ ਕੇ ਫਿਰ ਤੁਰ ਪਿਆ । ਹਨੇਰਾ ਪੈਰੋ ਪੈਰ ਵਧ ਰਿਹਾ ਸੀ । ਕੁਝ ਦੂਰ ਉਸਨੂੰ ਕੁਝ ਚਿੱਟੇ ਕਪੜਿਆਂ ਵਿਚ ਕੋਈ ਉਸ ਵਲ ਆ ਰਿਹਾ ਦਿਖਾਈ ਦਿਤਾ । ਇੰਝ ਲਗਦਾ ਸੀ ਜਿਵੇਂ ਉਹਦੇ ਹਥ ਵਿਚ ਕੋਈ ਸੋਟੀ ਵਰਗੀ ਚੀਜ਼ ਹੁੰਦੀ ਹੈ । ਉਸਦੇ ਦਿਲ ਦੀ ਧੜਕਣ ਤੇਜ਼ ਹੋ ਗਈ ਅਤੇ ਉਸ ਦਾ ਸਰੀਰ ਤਣ ਗਿਆ ਉਸ ਦੇ ਮੂੰਹ ਵਿਚੋਂ ਆਪਮੁਹਾਰੇ ਹੀ ਨਿਕਲ ਗਿਆ । ਕਾਗਜ਼ੀ ਸ਼ੇਰ.. । ਜੇ ਇਹ ਸੱਚ ਮੁਚ ਹੀ ਕਾਗਜ਼ੀ ਸ਼ੇਰ ਹਨ ਤਾਂ ਤੇ ਇਹਨਾਂ ਨੂੰ ਪੂਰੇ ਦਾ ਬੁੱਲਾ ਹੀ ਮੂਧਾ ਕਰ ਦੇਵੇਗਾ, ਉਸਨੇ ਆਪਣੇ ਡਬ ਨੂੰ ਹਥ ਨਾਲ ਠੀਕ ਕੀਤਾ । ਕੁੱਝ ਚਿਟੇ ਕਪੜਿਆਂ ਵਿਚ ਜੈਲਦਾਰ ਉਸ ਦੇ ਸਾਮਣੇ ਆ ਚੁਕਿਆ ਸੀ । ਬੰਦੂਕ ਦੇ ਬਟ ਨੂੰ ਧਰਤੀ ਤੇ ਲਾ ਕੇ ਨਾਲੀ ਉਤੇ ਹੱਥ ਰਖ ਕੇ ਜੈਲਦਾਰ ਖੜਾ ਹੋ ਗਿਆ ਅਤੇ ਅਮਲੀਆ! ਐਸ ਵੇਲੇ । ਅਜੇ ਉਸ ਦੇ ਮੂੰਹੋ ਨਿਕਲਿਆ ਹੀ ਸੀ ਕਿ ਅਮਲੀ ਨੇ ਬਿਜਲੀ ਦੇ ਕਰੰਟ ਜਿਹੀ ਫੁਰਤੀ ਨਾਲ ਬੰਦੂਕ ਜੈਲਦਾਰ ਦੇ ਹਥੋਂ ਖੋਹ ਕੇ ਮਜ਼ਬੂਤ ਪਕੜ ਨਾਲ ਬੰਦੂਕ ਦੀ ਨਾਲੀ ਜੈਲਦਾਰ ਦੀ ਹਿਕ ਉਤੇ ਰਖ ਕੇ ਰੋਹ ਨਾਲ ਗਰਜਿਆ ਅੱਜ ਪੀਜੂ ਤੇਰੇ ਸੀਰਮੇ ਤੇਰੀ ਕੁੜੀ...। ਜੈਲਦਾਰ ਹੁਣ ਥਰ ਥਰ ਕੰਬ ਰਿਹਾ ਸੀ ਕਿਉਂਕਿ ਬੰਦੂਕ ਲੋਡ ਕੀਤੀ ਹੋਈ ਸੀ ਕੰਬਦਾ ਹੋਇਆ ਜੈਲਦਾਰ ਉਸ ਨੂੰ ਪੂਰੇ ਨਾਲ ਹਿਲਦਾ ਹੋਇਆ ਕਾਗਜ਼ੀ ਸ਼ੇਰ ਜਾਪ ਰਿਹਾ ਸੀ ।

## ਮੁਹੰਮਦ ਰਫ਼ੀ ਸ਼ੋ - ਵਤਨੋਂ ਦੂਰ

7 ਅਕਤੂਬਰ 1973 ਨੂੰ ਕੁਈਨ ਐਲਿਜ਼ਬੈਥ ਥੀਏਟਰ ਵੈਨਕੂਵਰ ਵਿੱਚ ਮੁਹੰਮਦ ਰਫ਼ੀ ਤੇ ਉਨ੍ਹਾਂ ਦੇ ਕਲਾਕਾਰ ਗਰੁੱਪ ਦੇ ਸ਼ੋ ਦਾ ਟਿਕਟ ਖਰੀਦਣ ਵਾਲੇ ਦਰਸ਼ਕ, 'ਵਤਨੋਂ ਦੂਰ' ਦਾ ਸਾਲਾਨਾ ਚੰਦਾ 6 ਡਾਲਰ ਦੀ ਥਾਂ ਕੇਵਲ 3 ਡਾਲਰ ਦੇ ਕੇ ਇੱਕ ਸਾਲ ਲਈ 'ਵਤਨੋਂ ਦੂਰ' ਦੇ ਪਾਠਕ ਬਣ ਸਕਦੇ ਹਨ। 'ਵਤਨੋਂ ਦੂਰ' ਦੇ ਪ੍ਰਸ਼ੰਸਕ, ਉਸ ਸਮੇਂ ਸਾਡੇ ਵਿਸ਼ੇਸ਼ ਪ੍ਰਤੀਨਿਧ ਨੂੰ ਤਿੰਨ ਡਾਲਰ ਅਤੇ ਆਪਣਾ ਐਡਰੈੱਸ ਦੇ ਕੇ ਇਸ ਰਿਆਇਤ ਦਾ ਲਾਭ ਉਠਾਣ।

ਜਸਵਿੰਦਰ ਤੰਗੂ (ਸਰਕੂਲੇਸ਼ਨ ਐਡੀਟਰ)


TV – BLACK & WHITE
COLOR
STEREO
TAPE RECORDER

Check and Compare Our Low Low Prices

Sales, Service and Rental

HITACHI
SHARP
LLYOD'S

# KR - TV

WORK GUARANTEED

By Government Certified Technician

6674 Main Street
Vancouver 15, B.C.

Bus : 321-6015
Res : 939-4253

50% Reduction In "Watno Dur's"
Subscription On TV Sales and Service

# ਕੈਨੇਡਾ ਦੇ ਕਵੀ

## ਕਲਮਾਂ ਜੁੜਦੀਆਂ
(ਗੁਰਚਰਨ ਰਾਮਪੁਰੀ)

ਲਹਿਰਾਂ ਜੁੜਦੀਆਂ ਤਦੋਂ ਤੂਫ਼ਾਨ ਆਉਂਦਾ,
ਜੁੜਕੇ ਖੰਭੜੀਆਂ ਫ਼ਿਜ਼ਾ ਮਹਿਕਾਉਂਦੀਆਂ ਨੇ।

ਤਾਰਾਂ ਸੁੱਤੀਆਂ ਜੁੜਨ ਸੰਗੀਤ ਜਾਗੇ,
ਇਕੋ ਛੋਹ ਪਾ ਰੂਹ ਨਸ਼ਿਆਉਂਦੀਆਂ ਨੇ।

ਜੁੜਕੇ ਅਣੂ ਬ੍ਰਹਿਮੰਡ ਦਾ ਰੂਪ ਧਾਰਨ
ਕਣੀਆਂ ਕੱਠੀਆਂ ਸਾਗਰ ਕਹਾਉਂਦੀਆਂ ਨੇ।

ਕਿਰਨਾਂ ਬਣਦੇ ਨੇ ਗੀਤ ਸਵੇਰ ਚੜ੍ਹਦੀ,
ਕਲਮਾਂ ਜੜਦੀਆਂ ਜੁੱਗ ਪਲਟਾਉਂਦੀਆਂ ਨੇ।

## 1. ਮਜ਼ਦੂਰ

ਜਿਊਂਦੇ ਰਹਿਣ ਬੇਖ਼ਿਆਲ
ਤੁਰਦੇ ਜਾਣਾ ਹਰ ਦੇ ਰੁਖ
ਦੁੱਖ ਜਿਊਂਦੇ ਕਿਸਮਤ ਮੰਨਕੇ
ਸੋਚਣਾ ਕਿ ਕੀ ਹੈ ਸੁੱਖ ?
ਹਰ ਹਾਰ ਦਾ ਇੱਕੋ ਬਹਾਨਾ
"ਹੋਵੇ ਜੋ ਉਹਨੂੰ ਮਨਜ਼ੂਰ"
ਭਵਿੱਖ ਨੂੰ ਵੀ ਰੈਨ ਕਰਨੇ
"ਦੇਖਣਾ ਨਾ ਅੱਖ ਉਠਾਣਾ
ਅੰਨ-ਦਾਤਾ ਦੇ ਸਾਹਮਣੇ"

ਭੁੱਖ-ਖਾਣੀ, ਹੱਡ ਤੁੜਵਾਉਂਦੇ
ਤਾਕਤਵਰ ਤੋਂ ਹੱਕ ਨਾ ਮੰਗਣ
ਰੀਝੇ ਰੱਬ ਅੱਗੇ ਮੱਥੇ ਘਸਾਉਂਦੇ

ਕਿੰਨੀ ਅਧੂਰੀ ਵਿਆਖਿਆ ਹੈ
ਅੱਜ ਦੇ ਮਜ਼ਦੂਰ ਦੀ !

ਹੈ ਸਮਾਂ ਮੰਗ ਕਰ ਰਿਹਾ ਮਜ਼ਦੂਰ ਤੋਂ
ਇੱਕ ਪੂਰਨ-ਮਜ਼ਦੂਰ ਬਣਨ ਦੀ
ਮੌਤ ਬਣਕੇ ਜਿਊਣ ਦੀ
ਨਾ ਕਿ ਜ਼ਿੰਦਾ ਰਹਿ ਕੇ ਮਰਨ ਦੀ
ਡਟ ਡਟ ਕੇ ਮਿਹਨਤ ਕਰਨ ਦੀ
ਮਿਹਨਤ ਤੋਂ ਵੀ ਜੋ ਹੈ ਵੱਧ ਜ਼ਰੂਰੀ
ਹੱਕਾਂ ਲਈ ਹਥਿਆਰ-ਬੰਦ
ਜੰਗ ਕਰਨ ਦੀ !!

(ਸਾਧੂ)

## 2. ਗ਼ਜ਼ਲ

ਤਮੰਨਾ ਹੈ ਮੇਰੇ ਦਿਲ ਨੂੰ ਬਹਾਰ ਦੀ।
ਆਸਾਂ ਤੇ ਹੈ ਦਿਨ ਜ਼ਿੰਦਗੀ ਗੁਜ਼ਾਰਦੀ।

ਹਾਲੇ ਹੈ ਅਧੂਰੀ- ਕਹਾਣੀ ਪਿਆਰ ਦੀ
ਰੁਲੇਵੇਂ 'ਚ ਹੈ ਜਿੰਦ ਆਪਾ ਉਸਾਰਦੀ।

ਰਿਸ਼ਤੇ, ਨਾਤੇ ਕੂੜੀਆਂ ਦਿਲ ਨੂੰ ਤਸੱਲੀਆਂ
ਵੱਖੋ-ਵੱਖਰੇ ਫੁੱਲ, ਇਕੋ ਮਹਿਕ ਹੈ ਗੁਲਜ਼ਾਰ ਦੀ।

ਹੌਸਲਾ ਹੈ ਸਾਗਰਾਂ ਨੂੰ ਪਲ 'ਚ ਚੀਰ ਜਾਂ
ਹੰਝੂਆਂ ਨੂੰ ਅੱਖ ਨਾ ਮੇਰੀ ਸਹਾਰਦੀ।

ਆਪਣੇ ਪਰਾਏ ਭੁੱਲਕੇ, ਸਭਦਾ ਸੰਵਾਰਨਾ
ਸੋਚ ਦੀ ਤੇ ਸਮਝ ਦੀ, ਗੱਲ ਹੈ ਵਿਚਾਰ ਦੀ।

(ਗਿੱਲ ਮੋਰਾਂਵਾਲੀ)

## 3. ਸਾਰੇ ਨੇ ਅੱਜ ਕੈਦੋ ਇੱਥੇ

ਕਾਲਾ ਬੁਰਕਾ ਪਾ ਕੇ ਆਇਆ,
ਇਸ ਜੀਵਨ ਵਿੱਚ ਧੁੰਧ ਹਨੇਰਾ।
ਜੀਵਨ ਦੀ ਹਰ ਲੋ ਨੂੰ ਦੱਬਿਆ,
ਖੋਹਿਆ ਮੈਥੋਂ ਪੁਸ਼ਪ- ਸਵੇਰਾ।
ਆਸਾਂ ਟੁੱਟੀਆਂ, ਸੱਧਰਾਂ ਲੁੱਟੀਆਂ,
ਕੁਹਜੀ ਸੱਭਿਤਾ ਦੇ ਸਰਦਾਰਾਂ।
ਹੀਰਾਂ ਦੇ ਫਿਰ ਡੱਕਰੇ ਕੀਤੇ,
ਸਮੇਂ ਦੀਆਂ ਤਿੱਖੀਆਂ ਤਲਵਾਰਾਂ।

ਭਾਵੇਂ ਹੀ ਕਿਸੇ ਗਿੱਠੀ ਘੁੱਟੀ,
ਛੁੱਟੇ ਨਾ ਫ਼ਵਾਰੇ ਰੱਖਾਂ।
ਸਾਰੇ ਨੇ ਅੱਜ ਭੈੜੇ ਇੱਥੇ,
ਪੀੜ ਜਿਗ਼ਰ ਦੀ ਕਿਸਨੂੰ ਦੱਸਾਂ!
ਡਿੱਗਾ ਤੇ ਨਿੱਘਾ ਅੱਜ ਮੈਂ
ਮੰਜ਼ਲ ਨੂੰ ਕਿਸੇ ਓਹਲੇ ਕੀਤਾ।
ਤੰਤ ਮੰਗੀ ਦਾ ਭਰ ਭਰ ਕਾਸਾ,
ਬੇਗਰਿਆਂ ਨੇ ਰੱਜ ਰੱਜ ਪੀਤਾ।
ਡਿੱਗਦਾ, ਫਹਿੰਦਾ ਧਾ ਧਾ ਧੱਕੇ,
ਜੀਵਨ-ਪਥ ਤੇ ਤੁਰਿਆ ਜਾਵਾਂ।
ਹਰ ਔਕੜ ਨੂੰ ਸੀਨੇ ਲਾਕੇ,
ਲੈ ਲੈ ਸਿਸਕੀਆਂ ਦਿਲ-ਪਰਚਾਵਾਂ।
ਹੰਝੂ, ਹੌਕੇ, ਹਾਵੇ, ਹਾੜ੍ਹੇ,
ਇਸ ਜੀਵਨ ਨੂੰ ਦੇਣ ਸਹਾਰਾ।
ਛੱਲਾਂ ਨੂੰ ਗਲਵੱਕੜੀ ਪਾਕੇ,
ਲੱਭਾਂ ਸਾਗਰ 'ਚੋਂ ਕਿਨਾਰਾ।
ਕੀ ਹੋਇਆ ਜੇ ਜੀਵਨ ਮੇਰਾ,
ਪੀੜਾਂ ਦੇ ਵਿੱਚ ਪਿਸਦਾ ਜਾਵੇ।
ਕੀ ਹੋਇਆ ਜੇ ਬਿਰਹਾ ਦੇ ਵਿੱਚ,
ਅੰਗ ਅੰਗ ਮੇਰਾ ਸੁਲਦਾ ਜਾਵੇ।
ਔਂਧਰ ਨਹੀਂ ਹੁਣ ਚੁੱਪ-ਚੁਪੀਤੇ,
ਰੋਣੀ ਦੇ ਮੂੰਹ ਵਹਿ ਕੇ ਪੈਣਾ।
ਆਸ਼ਕ-ਹਦ ਨੂੰ ਤਿੱਖੀ ਕਰਕੇ
ਮੰਜ਼ਲ ਨੂੰ ਫਿਰ ਜਾਕੇ ਛੂਹਣਾ।

(ਹਰਭਜਨ ਸਿੰਘ ਚੇਤਾ)

# ਕੈਨੇਡਾ ਦੀਆਂ ਨਵੀਆਂ-ਕਲਮਾਂ

## 1. ਵਿਕੇ-ਖ਼ਰੀਦਾਰ / ਨਰਿੰਦਰ ਭਾਗੀ (ਵੈਨਕੂਵਰ)

ਕਾਸ਼ ਹਰੇ ਨਾ ਯਾਦ ਕਿਸੇ ਨੂੰ
ਸੂਰਜ ਦਾ ਬੱਦਲਾਂ ਗਲ ਲੱਗਣ
ਚੰਨਾਂ ਦੀ ਗਲਵੱਕੜੀ ਵਿੱਚੋਂ
ਸੁਰਮੇ-ਰੰਗੀ ਸ਼ਾਮ ਦਾ ਉਗਣ
ਦੋ ਅਣਜਾਣੇ ਹੱਥਾਂ ਰਲ ਜਦ
ਅਧੋ ਦਿੱਲ ਵਿੱਚ ਵਾਅਦਾ ਕੀਤਾ
ਗਈ ਛੱਡ ਪਗਡੰਡੀਆਂ ਆਇਆ
ਉਸ ਰਾਹ ਤੇ ਜੋ ਸਾਂਝੀ ਬਣ ਗਈ
ਸਾਵਣ ਬਣੀਆਂ ਅੱਖਾਂ ਨੂੰ ਕੁਝ
ਸੁੱਕਣ ਦੇ ਲਈ ਮੌਕਾ ਮਿਲਿਆ
ਵੇਲੇ ਨੇ ਮਾਸੂਮ ਬਣਾਇਆ
ਹੁਣ ਕੋਈ ਜੀਵੇਗਾ ਦੋ ਦਿਨ
ਸਾਲੋਂ ਉਮਰ ਮਹੀਨੇ ਤੇਈ

ਸਾਹ ਤੋਂ ਦਿਨ ਤੇ ਦਿਨ ਤੋਂ ਘੜੀਆਂ
ਸ਼ਾਇਦ ਖ਼ੁਸ਼ੀ ਦੇ ਹਰ ਪਲ ਦੀ ਹੀ
ਏਨੀ ਹੀ ਰਫ਼ਤਾਰ ਹੈ ਹੁੰਦੀ!
ਮਿਲਣੀ ਦਾ ਹਰ ਪਲ-ਛਿਣ ਮੁੱਕਾ
ਛੱਡ ਤੁਰਿਆ ਕੋਈ ਮੋੜਾਂ ਉੱਤੇ
ਆਲ੍ਹਣਿਆਂ ਵਿੱਚ ਵਿੱਥਾਂ ਪਾਉਂਦਾ
ਉਸ ਦੁਨੀਆਂ ਦੇ ਗਲੀ ਪੈਂਦਾ,
ਵਿਕਦੇ ਜਿਸਮਾਂ ਦੀ ਬਸਤੀ ਵਿੱਚ
ਜਿਸ ਥਾਂ ਕੋਈ ਆਪ ਵੇਚੇ।
ਪਾਪਾਂ ਦੇ ਕਾਲੇ ਦਾਗਾਂ ਵਿੱਚ
ਮੱਥੇ ਦੀ ਚਿਟਿਆਈ ਲੁਕ ਗਈ
ਹਰ ਸ਼ੀਸ਼ੇ ਦੇ ਸੌ ਟੁੱਕ ਕੀਤੇ
ਤਾਕਿ ਦਾਗ ਨਜ਼ਰ ਨ ਆਵੇ

ਬੁੱਕਲ ਦੇ ਵਿੱਚ ਪਾਪ ਲੁਕੋ ਕੇ
ਦੁਨੀਆਂ ਦੇ ਮੂੰਹੋਂ ਕੋਈ ਜਾਵੇ
ਹਰ ਕੋਈ ਉਹਨੂੰ ਸੀਤਾ ਆਖੇ
ਜੋ ਨ ਅਰਥ ਵਫ਼ਾ ਦੇ ਜਾਣੇ
ਟੁਟਦੇ ਦਿਲ ਦੀ ਖੜਕ ਸੁਣੇ ਨ
ਅੱਜ ਕਿਸੇ ਦੇ ਕਾਫ਼ਲਿਆਂ 'ਚੋਂ
ਆਪਣਾ ਦੁਖਦਾ ਘਰ ਲੈ ਆਇਆ
ਹਰੀ ਜੋ ਮਾਸੂਮ ਹੈ ਕਰਦਾ
ਸ਼ਾਇਦ ਓਹ ਜੀਵੇਗਾ ਦੋ ਦਿਨ
ਸ਼ਾਇਦ ਉਸਨੂੰ ਸਾਹ ਹੈ ਆਉਂਦਾ
ਜੋ ਕੱਲ੍ਹ ਵਿਕਿਆ ਸੀ ਉਸ ਬਸਤੀ
ਜਿਸ ਦਾ ਹਰ ਸੌਦਾਗਰ ਵਿਕਿਆ।

## 2. ਸੱਜਣੋਂ ਦੂਰ / ਜਸਬੀਰ ਗੁਰਮ (ਵੈਨਕੂਵਰ)

ਤੇਰੀ ਸ਼ਕਲ ਨੂੰ ਲੈਕੇ ਅੱਖਾਂ ਹਾਂ ਮੀਟ ਰਖਦਾ!
ਤੇਰੇ ਲਬਾਂ 'ਚੋਂ ਲਗਦਾ ਕੋਈ ਰਸ ਜਿਹਾ ਤੁਰਦਾ!
ਤੇਰੀ ਨਜ਼ਰ 'ਚੋਂ ਸੱਜਣੀ, ਪਿਆਰਾਂ ਦੇ ਸੋਮੇ ਸਿੰਮਣ! ਤੇਰੇ ਬਦਨ ਨੂੰ ਸੱਜਣੀ ਫੁੱਲ ਵੀ ਝੁਕ ਕੇ ਚੁੰਮਣ!!
ਕੁਝ ਹੋਰ ਲਿਖਦੋਂ ਨਿਰਬਲ, ਤੇਰਾ ਹੀ ਗੀਤ ਲਿਖਦਾ!
ਤੇਰੀ ਸ਼ਕਲ ਨੂੰ ਲੈਕੇ ..........................!
ਚੁੱਪ ਵਲਿਆ ਤੇਰਾ ਚਿੱਤਰ, ਦਿਲ ਮੇਰਾ ਘਾਇਲ ਕਰਦਾ। ਇੰਨੀ ਹੀ ਤੜਪਣ ਕਾਫ਼ੀ, ਆ ਜਾ! ਹੁਣ ਸਾਹਿਲ ਬਣ ਜਾ!!
ਸਾਰੇ ਦੁੱਖਾਂ ਤੋਂ ਨਾਬਰ 'ਜਸ' ਤੇਰੀ ਰੀਸ ਰਖਦਾ!
ਤੇਰੀ ਸ਼ਕਲ ਨੂੰ ਲੈਕੇ .......................!

## 3. ਗ਼ਜ਼ਲ

ਤੇਰੇ ਮੇਰੇ ਵਿੱਚ ਨੇ ਸਾਹ।
ਪੈਂਡਾ ਕੋਈ ਸਕੇ ਨੇ ਪਾ।

ਨਜ਼ਰਾਂ ਅੰਦਰ ਖਿੱਚ ਦੋ-ਵੱਲੀ,
ਰਹੇ ਅਧੂਰੇ ਦਿਲ ਦੇ ਚਾਅ।

ਦੂਰੋਂ-ਦੂਰੀ ਤੜਪਣ ਦੇਹਾਂ,
ਪਰ ਰੂਹਾਂ ਦੇ ਵਿੱਚ ਰਾਹ।

ਸਾਡਾਂ ਖ਼ੂਨ ਉਬਾਲੇ ਖਾਂਦਾ,
ਠੰਢੇ ਤੋ ਸਕੇ ਨਾ ਤਾਅ।

ਤੱਕ ਕੇ ਤੈਨੂੰ ਖੁੱਸ ਜਾਂਦਾ ਹਾਂ,
ਭਰ ਕੇ ਜਿਗਰੋਂ ਠੰਡੀ ਆਹ।

ਕੈਸਾ ਇਹ ਬੇਦਰਦ ਗੁਜ਼ਾਰਦਾ,
ਤਾਈ ਰੱਖੇ ਦਿਲਾਂ ਨੂੰ ਢਾਹ।

ਰੂਹ ਤਾਂ ਹੰਭਲੀ ਰਹੇ ਕਿਨਾਰੇ
ਬੇੜਾ ਜੇ ਤੂੰ ਕਰੇਂ ਹੀਆ!

ਨਹੀਂ 'ਘੁਮਾਣ' ਰਹਾਂਗੇ ਰੁਲਦੇ
ਏਸ ਜਹਾਨ 'ਚ ਤੇਰੇ ਭਾਅ।

ਕਰਮਜੀਤ 'ਘੁਮਾਣ'
(CAMPBELL RIVER-B.C.)

## 4. ਗ਼ਜ਼ਲ

ਦੋਸਤੀ ਜਿੱਤ ਦੋਸਤੀ ਲਈ ਮਰਦੀ ਰਹੂ, ਮਰਦੀ ਰਹੂ।
ਇਸ਼ਕ ਦੇ ਪੰਨੇ ਸਦਾ ਭਰਦੀ ਰਹੂ, ਭਰਦੀ ਰਹੂ।

ਉਸ ਦੇ ਦਰ ਦਸਤਕਾਂ ਦੇ ਦੇ ਕੇ ਮੈਂ ਸੀ ਥੱਕਿਆ,
ਫਿਰ ਉਹ ਕੰਜਕ-ਕੁਆਰੀ ਕਾਰ ਕਰਦੀ ਰਹੂ, ਕਰਦੀ ਰਹੂ।

ਕਾਲਖ਼ ਹੀ ਸੱਥ ਰਹਿ ਗਈ ਹੈ ਬਦਨਸੀਬਾਂ ਦੇ ਨਸੀਬ,
ਸੋਹਣੀ ਤਾਂ ਕੱਚਿਆਂ ਤੇ ਅੱਜ ਵੀ ਤਰਦੀ ਰਹੂ, ਤਰਦੀ ਰਹੂ।

ਇਨਕਲਾਬਾਂ ਨੂੰ ਮਿਟਾਵਣ ਵਾਸਤੇ ਜ਼ਾਲਮ ਤੁਰੇ,
ਸਾਜ਼ਸ਼ ਉਨ੍ਹਾਂ ਦੀ ਅੰਤਲੀ ਹਰਦੀ ਰਹੂ, ਹਰਦੀ ਰਹੂ।

ਕੂੜ ਦੀ ਬੁਨਿਆਦ ਤੇ ਹੈ ਕੌਣ ਜਿਹੜਾ ਜਿੱਤਿਆ,
ਆਖ਼ਰ ਨੂੰ ਉਹਦੀ ਨੀਂਹ ਤਾਂ ਖਰਦੀ ਰਹੂ, ਖਰਦੀ ਰਹੂ।

ਦਿਲ ਸੁੱਤਿਆ ਹੈ ਅਕਾਸ਼ਾਂ ਪਰਤ ਦਾ ਸੀਨਾ ਸਦਾ,
ਵਣ ਤੀਰਥ ਪਰਤ ਜ਼ੁਲਮ ਇਹ ਜਰਦੀ ਰਹੂ, ਜਰਦੀ ਰਹੂ।

ਆ ਮੈਂ ਤੈਨੂੰ ਆਪਣੀ ਗਲਵੱਕੜੀ ਵਿੱਚ ਘੁੱਟ ਲਵਾਂ,
ਕੌਣ ਕਹਿੰਦਾ ਹੈ ਤਲਾ ਸੜਦੀ ਰਹੂ, ਸੜਦੀ ਰਹੂ।

ਇੰਦਰੇਸ਼
(VANCOUVER, B.C.)

## 5. ਗ਼ਜ਼ਲ

ਤੇਰੇ ਖ਼ਿਆਲਾਂ ਵਿਚ ਹੈ, ਕਿ ਮੈਂ ਬੜਾ ਮਗ਼ਰੂਰ ਹਾਂ।
ਪਰ ਇਹ ਸਮੇਂ ਦਾ ਗੇੜ ਹੈ, ਚੁੱਪ ਰਹਿਣ ਲਈ ਮਜ਼ਬੂਰ ਹਾਂ।

ਇਹ ਠੀਕ ਜ਼ਮਾਨਾ ਜਾਣਦੈ, ਭਰਿਆ ਕਦੇ ਨਹੀਂ ਛਲਕਦਾ,
ਖ਼ਾਲੀ ਹੀ ਭਾਂਡਾ ਖੜਕਦੈ - ਖੜਕਾਂ ਕੀ, ਮੈਂ ਭਰਪੂਰ ਹਾਂ।

ਹਨ ਪੈਰ ਮੇਰੇ ਚੁੰਮਦੇ, ਚਾਕਰ ਜੋ ਮੇਰੇ ਸ਼ਾਨ ਦੇ,
ਪਰ ਤੇਰੀ ਮੈਂ ਨਜ਼ਰ ਵਿੱਚ ਇਕ ਥਿੜਕਿਆ-ਮਜ਼ਦੂਰ ਹਾਂ।

ਇਹ ਦਰ ਤੇਰਾ ਕੋਈ ਦਰ ਨਹੀਂ, ਐਵੇਂ ਨਾ ਦਰ ਦਾ ਮਾਣ ਕਰ,
ਮੈਂ ਦਰਾਂ ਦੇ ਦਰ ਉੱਤੇ ਵੀ, ਹੋ ਗਿਆ ਮਨਜ਼ੂਰ ਹਾਂ।

ਪੱਥਰ ਜੋ ਤੇਰੇ ਬੋਲ ਨੇ, ਸਭ ਭਸਮ ਹੁੰਦੇ ਜਾ ਰਹੇ,
ਮੈਂ ਬੇ-ਵਸੀ ਦੀ ਅੱਗ ਦਾ, ਇਕ ਭਖ਼ ਰਿਹਾ ਤੰਦੂਰ ਹਾਂ।

ਇਸ਼ਕੀ ਬਗ਼ਾਵਤੀ ਪੀਣ ਦਾ, ਇਹ ਤਾਂ ਐਵੇਂ ਇੱਕ ਸ਼ੁਗਲ ਹੈ,
ਮੈਂ ਤਾਂ ਵਿਲਾਇਤੀ ਨਸ਼ੇ ਵਿੱਚ, ਰਹਿੰਦਾ ਸਦਾ ਮਖ਼ਮੂਰ ਹਾਂ।

ਸਹਿ ਸਹਿ ਕੇ ਗੱਲਾਂ ਤੇਰੀਆਂ, ਆਦਤ ਹੀ ਐਸੀ ਬਣ ਗਈ,
ਭਰਨਾ ਤੇ ਭਰਕੇ ਰਿੱਸਣਾ, ਬੱਸ ਬਣ ਗਿਆ ਨਾਸੂਰ ਹਾਂ।

ਪੈਰਾਂ 'ਚ ਰੁਲਦਾ ਵੇਖਕੇ, ਤੈਨੂੰ ਮੈਂ ਕਿਣਕਾ ਜਾਪਦਾਂ,
ਪਰ ਕਿਸੇ ਦੀ ਨਜ਼ਰ ਵਿੱਚ, ਮੈਂ ਤਾਂ ਹੀਰਾ-ਕੋਹਿਨੂਰ ਹਾਂ।

ਨਾਹਰਾ ਇਹ 'ਅੰਨਲ-ਹੱਕ' ਦਾ, ਰਹਿਣਾ ਹਮੇਸ਼ਾਂ ਗੂੰਜਦਾ,
ਸੂਲੀ ਚੜ੍ਹਾ ਕੇ ਵੇਖ ਲੈ, ਪੂਰੱਖ ਮੈਂ ਮਨਸੂਰ ਹਾਂ।

ਦਿਲ ਮੇਰਾ ਤੇ ਹਰ ਸਮੇਂ, ਭਾਰਤ 'ਚ ਰਹਿੰਦਾ ਦੋਸਤੋ!
'ਕੰਵਲ' ਹੋਇਆ ਕੀ 'ਭਲਾ', ਬੈਠਾ ਜੇ 'ਵਤਨੋਂ ਦੂਰ' ਹਾਂ।

ਪ੍ਰਮਜੀਤ 'ਕੰਵਲ' ਰਾਮਪੁਰੀ
(VANCOUVER, B.C.)

ਸੁਰਿੰਦਰ ਧੰਜਲ ਦਾ ਪਹਿਲਾ ਕਾਵਿ-ਸੰਗ੍ਰਹਿ
'ਸੂਰਜਾਂ ਦੇ ਹਮਸਫ਼ਰ'
ਰੂਪਕਾਰ: ਜਗਦੀਪ ਪ੍ਰਕਾਸ਼ਕ: ਸੂਰਜ ਪ੍ਰਕਾਸ਼ਨ, ਲੁਧਿਆਣਾ

## ਨਵੀਆਂ – ਕਲਮਾਂ

## 6. ਦੋ ਅਰਮਾਨ

{ਜੀ. ਐੱਸ ਗਿੱਲ
MERRITT, B.C.}

• ਪੈਰਾਂ ਹੇਠਾਂ ਇੱਜ਼ਤ ਰੁਲਦੀ,
ਮਜ਼ਦੂਰ, ਗਰੀਬ, ਕਿਸਾਨਾਂ ਦੀ।
ਹਾਲਤ ਵੇਖੋ ਆਦਮਖੋਰੋ!
ਵਿਲਕ ਰਹੇ ਅਰਮਾਨਾਂ ਦੀ।

•• ਮਿੱਲਾਂ ਚੂਸ ਗਈਆਂ ਸਾਡਾ ਖ਼ੂਨ ਸਾਰਾ,
ਚੂਸ ਫ਼ੈਕਟਰੀਆਂ ਜੋ ਵੀ ਰਹੇ ਜਾਵੇ!
ਜਿੱਥੇ ਹਿੱਕ ਦੀ ਅੱਗ ਬੁਝਾਣ ਖ਼ਾਤਰ,
ਬਦਨ ਗਰੀਬ ਨੂੰ ਵੇਚਣਾ ਪਏ ਜਾਵੇ!

# 7. ਦੇਸ਼ ਵਾਸੀਓ !

ਇੱਕ ਦਿਨ ਬੈਠਿਆਂ ਬੈਠਿਆਂ ਸੋਚਿਆ ਮੈਂ, ਕੈਸੇ ਲੋਕੀਂ ਕੈਨੇਡਾ ਵਿਚ ਜਾ ਰਹੇ ਨੇ।
ਤੁਰੇ ਜਾਂਦੇ ਨੇ ਜ਼ਰਾ ਵੀ ਸੋਚਦੇ ਨਹੀਂ; ਕਿਹੜਾ, ਮਾਹੀ ਦਾ ਮੁਲਕ ਦਸ ਰਹੇ ਨੇ।
ਕੈਸੇ ਉਨ੍ਹਾਂ ਦੇ ਕੀ ਦਿਮਾਗ਼ ਅੰਦਰ, ਜੀਆ-ਜੰਤ ਵੀ ਨਾਲੇ ਲਿਜਾ ਰਹੇ ਨੇ।
ਮੇਰਾ ਜੀ ਕੀਤਾ ਮੈਂ ਵੀ ਚਲਾ ਜਾਵਾਂ, ਜਿਹੜੇ ਸਿੱਧੇ 'ਵਿਕਟੋਰੀਆਂ' ਪਾ ਰਹੇ ਨੇ।

ਅਰਜ਼ੀ ਦਿੱਤੀ ਕਿ ਚਾਹੀਦਾ ਹੈ ਪਾਸਪੋਰਟ, ਜੀਹਦੇ ਸਦਕੇ ਕੈਨੇਡਾ ਮੈਂ ਚਲਾ ਜਾਵਾਂ।
ਉੱਥੇ ਐਸ਼ ਬਹਾਰ ਜੋ ਲੋਕ ਕਰਦੇ; ਮੈਂ ਕਰ ਆਵਾਂ, ਮੌਜ ਪਾ ਆਵਾਂ।
ਸਾਰਾ ਜ਼ੋਰ ਲਾ ਕੇ ਵੀਜ਼ਾ ਲੈ ਲਿਆ ਮੈਂ, ਉਹਨੂੰ ਚੁੰਮ ਕੇ ਹਿੱਕ ਦੇ ਨਾਲ ਲਾਵਾਂ।
ਮੇਰੇ ਤੌਰ ਰੂਹ ਹੋਰਾਂ ਦੇ ਹੋਰ ਹੋ ਗਏ, ਪੱਬ ਲੱਗੇ ਨਾ ਧਰਤ ਤੇ ਨਾਲ ਚਾਵਾਂ।

'ਏਅਰ ਇੰਡੀਆ' ਦੇ ਦਫ਼ਤਰੋਂ ਟਿਕਟ ਲੈ ਕੇ, ਆ ਕੇ ਦਿੱਲੀ ਜਹਾਜ਼ ਵਿਚ ਬਹਿ ਗਿਆ ਮੈਂ।
ਯਾਦ ਰੱਖਣਾ ਮੈਨੂੰ ਨਾ ਭੁੱਲ ਜਾਣਾ, ਸਾਰੇ ਦੋਸਤਾਂ ਤਾਈਂ ਇਹ ਕਹਿ ਗਿਆ ਮੈਂ।
ਕੈਸੇ ਡਰਦਾ ਸਾਂ, ਜਾਣੇ ਕੋਈ ਸ਼ਾਇਦ ਰੋਕੇ, ਜਾਣ-ਬੁੱਝ ਕੇ ਐਵੇਂ ਹੀ ਸ਼ਹਿ ਗਿਆ ਮੈਂ।
ਪਲੇਨ ਤੁਰਿਆ ਤਾਂ ਸੁੱਖ ਦਾ ਸਾਹ ਆਇਆ, ਬੇਸ਼ਕ ਬਹੁਤ ਵਿਛੋੜਾ ਸਭ ਸਹਿ ਗਿਆ ਮੈਂ।

ਆਖ਼ਰ, ਜਦੋਂ ਕੈਨੇਡਾ ਮੈਂ ਪਹੁੰਚਿਆ ਤਾਂ, ਨਜ਼ਰ ਹੋਰ ਦਾ ਹੋਰ ਹੀ ਆਣ ਲੱਗਾ।
ਸੁਪਨੇ ਟੁੱਟੇ, ਹਕੀਕਤਾਂ ਨਜ਼ਰ ਆਈਆਂ, ਦਿਲ ਕੰਬਿਆ ਸੋਚ ਸਿਰ ਖਾਣ ਲੱਗਾ।
ਤੀਰ ਉੱਡ ਗਈ ਵਿਚਾਰ ਨੇ ਲਾਏ ਡੇਰੇ, ਦੇਸ਼-ਪਿਆਰ ਫਿਰ ਆਣ ਸਤਾਣ ਲੱਗਾ।
ਪਰ ਜਾਏ ਨਾ ਬੜਾ ਮਾਯੂਸ ਹੋਇਆ, ਅੰਦਰ, ਉਹਦਰ ਜਦ ਟਾਊਨ 'ਚ ਜਾਣ ਲੱਗਾ।

ਫਿਰ ਮੈਂ ਵੇਖਿਆ, ਮਿੱਲਾਂ ਵਿਚ ਜਾਣ ਲੋਕੀ; ਸਾਰਾ ਦਿਨ ਉੱਥੇ ਕੰਮ ਕਰੀ ਜਾਂਦੇ।
ਪੁਟ ਪੁਟ ਲੱਕੜਾਂ, ਚੇਨਾਂ ਦੇ ਚੇਨ ਲਾਉਂਦੇ; ਦੁੱਖ ਦਰਦ ਸਰੀਰ ਤੇ ਜਰੀ ਜਾਂਦੇ।
ਦੇਸ਼ ਵਿੱਚ ਕਬੀਲੇ ਨੂੰ ਭੇਜਣ ਖ਼ਾਤਰ, ਦਿਨੇ-ਰਾਤ ਵਿਚਾਰੇ ਨੇ ਮਰੀ ਜਾਂਦੇ।
ਕਈਆਂ ਵਿਚ ਛੱਡੇ ਕਈ ਕਪੜੇ ਨੇ, ਕੈਦ ਸਾਰ ਬਥੇਰੇ ਨੇ ਭਰੀ ਜਾਂਦੇ।

ਕੱਦ ਤੇੜਦੇ, ਛੱਲੀਆਂ ਕਈ ਤੋੜਦੇ; ਚੋਰ ਗਾਜਰਾਂ ਦੇ ਕਈ ਲਾਈ ਜਾਂਦੇ।
ਬੀ.ਏ., ਐੱਮ.ਏ., ਆਦਾਰਾ ਹੀ ਫਿਰਨ ਐਥੇ ਪੜ੍ਹਿਆ ਲਿਖਿਆ ਸਭ ਖੂਹ ਵਿਚ ਪਾਈ ਜਾਂਦੇ।
ਖ਼ਾਤਰ ਨੌਕਰੀ, ਦਰ ਦਰ ਖਾਣ ਧੱਕੇ; ਮਿੱਲਾਂ, ਫ਼ਾਰਮਾਂ ਦੇ ਵਿੱਚ ਜਾਈ ਜਾਂਦੇ।
ਥੱਕ ਟੁੱਟ ਕੇ ਰਾਤ ਨੂੰ ਘਰੀਂ ਮੁੜਦੇ; ਫਿਰ ਵੀ ਫ਼ਿਕਰ ਦੇ ਵਿੱਚ ਉਂਘਲਾਈ ਜਾਂਦੇ।

ਐਥੇ ਵੇਖੇ, ਬਥੇਰੇ ਜੋ ਫਿਰਨ ਤੰਗੇ; ਜਿਨ੍ਹਾਂ ਤਾਈਂ ਮਜ਼ਦੂਰੀ ਵੀ ਲੱਭਦੀ ਨਹੀਂ।
ਅੱਜ ਉਹ ਧੱਕੇ ਤੇ ਧੱਕਾ ਨੇ ਖਾਈ ਜਾਂਦੇ, ਜਿਹੜੇ ਕਹਿੰਦੇ ਸੀ ਲੋੜ ਕੋਈ ਰੱਬ ਦੀ ਨਹੀਂ।
ਐਸ਼ੀ-ਪੱਠੇ ਜੋ ਫੜ ਕੇ ਘਰ ਆ ਗਏ; ਸੂਰਤ ਉਨ੍ਹਾਂ ਨੂੰ, ਆਪਣੀ ਢੱਬ ਦੀ ਨਹੀਂ।
ਐਵੇਂ ਵਿਹਲੜਾਂ ਵਾਂਗ ਨੇ ਫਿਰੀ ਜਾਂਦੇ, ਆਸ ਉਨ੍ਹਾਂ ਨੂੰ, ਕਿਸੇ ਸਬੱਬ ਦੀ ਨਹੀਂ।

ਨਾਲ ਚਾਵਾਂ ਦੇ ਆਏ ਸਨ ਜੋ ਐਥੇ, ਉਹ ਤਾਂ ਮਿਹਨਤਾਂ, ਤਰਲੇ ਜਿਹੇ ਪਾ ਰਹੇ ਨੇ।
ਹੋਕਾ! ਦੇ ਰਹਿਆ, ਹਾਏ! ਦੇਸ਼ ਵਾਸੀਓ; ਜਾਨ ਉਸ ਵਿਚਾਰੇ ਦੀ ਖਾ ਰਹੇ ਨੇ।
ਐਥੇ ਭੁੱਲ ਹੋ ਗਈ, ਬਖ਼ਸ਼ਣਹਾਰ ਦਾਤਾ! ਦਿਨੇ ਰਾਤ ਹੀ ਉਹਨੂੰ ਸਤਾ ਰਹੇ ਨੇ।
ਉਹਦਾ, ਪਿਆਰ ਪਰਿਵਾਰ, ਉਹਦੀ ਯਾਦ ਅੰਦਰ; ਨੱਕ, ਗੋਡੇ ਅਨੰਦਿਤ ਘਸਾ ਰਹੇ ਨੇ।

'ਸੰਧੂ' ਦੁਖੀ ਹੋਇਆ ਕਲਪ ਕਲਪ ਕਹਿੰਦਾ, ਦੇਸ਼ ਵਾਸੀਓ! ਬਾਹਰ ਕੋਈ ਆਇਓ ਜੇ ਨਾ!
ਵਾਂਗ ਮੰਗਤਿਆਂ, ਨੌਕਰੀ ਲੱਭਦੇ ਹਾਂ, ਸਾਡੇ ਵਾਂਗਰਾਂ ਰੱਬੋਂ ਗਵਾਇਓ ਜੇ ਨਾ!
ਇੱਜ਼ਤ, ਸ਼ਾਨ ਤੇ ਐਸ਼ ਦੀ ਜ਼ਿੰਦਗੀ ਨੂੰ, ਵਾਧੂ ਦੁੱਖਾਂ ਕਲੇਸ਼ਾਂ ਵਿਚ ਪਾਇਓ ਜੇ ਨਾ!
ਐਥੇ ਭੁੱਲ ਹੋ ਗਈ ਮੈਨੂੰ ਪਤਾ ਨਹੀਂ ਸੀ, ਜਕੜੇ ਵਿੱਚ ਗੁਲਾਮੀ ਦੇ ਜਾਇਓ ਜੇ ਨਾ!


ਨੌਨਿਹਾਲ ਸੰਧੂ
ਬੀ.ਏ., ਬੀ.ਐੱਡ; ਐੱਮ.ਏ.(I)
(VICTORIA, B.C.)





# ਸਾਜ਼ ਅਤੇ ਆਵਾਜ਼

## 1. ਨਾਟਕ ਵਿੱਚ ਪਾਤਰਾਂ ਦੀ ਸਮੱਸਿਆ

(ਕਪੂਰ ਸਿੰਘ ਘੁੰਮਣ)

1970 ਵਿੱਚ ਹਬੀਬ ਤਨਵੀਰ ਨੇ ਆਪਣਾ ਚਾਲ੍ਹੀ ਪਾਤਰਾਂ ਵਾਲਾ ਨਾਟਕ 'ਆਗਰਾ ਬਾਜ਼ਾਰ' ਤੇ ਬਲਵੰਤ ਗਾਰਗੀ ਨੇ ਪੰਜਾਹ ਤੋਂ ਵੱਧ ਪਾਤਰਾਂ ਵਾਲਾ ਆਪਣਾ ਨਾਟਕ 'ਗਗਨ ਮੈ ਥਾਲੁ", ਟੈਗੋਰ ਥੀਏਟਰ ਚੰਡੀਗੜ੍ਹ ਵਿੱਚ ਖੇਡੇ। ਪਾਤਰਾਂ ਸੰਬੰਧੀ ਸਮੱਸਿਆ ਤੇ ਪੰਜਾਬੀ ਦੇ ਦੋ ਪ੍ਰਸਿੱਧ ਨਾਟਕਕਾਰਾਂ ਵਿੱਚ ਹੋਈ ਗੋਸ਼ਟੀ ਕੈਨੇਡਾ ਦੇ ਰੰਗ-ਮੰਚ ਪ੍ਰੇਮੀਆਂ ਦੀ ਜਾਣਕਾਰੀ ਵਾਸਤੇ ਪੇਸ਼ ਕੀਤੀ ਜਾ ਰਹੀ ਹੈ।- ਸੰਪਾਦਕ

ਘੁੰਮਣ : ਹਬੀਬ ਤਨਵੀਰ ਦੇ ਨਾਟਕ "ਆਗਰਾ ਬਾਜ਼ਾਰ" ਵਿਚ ਚਾਲ੍ਹੀ ਕਲਾਕਾਰ ਹਨ। ਏਸੇ ਤਰ੍ਹਾਂ ਬਲਵੰਤ ਗਾਰਗੀ ਦੇ "ਗਗਨ ਮੈ ਥਾਲੁ" ਅਤੇ 'ਜਗ ਚਾਨਣ ਹੋਇਆ" ਵਿਚ ਪਾਤਰਾਂ ਦੀ ਗਿਣਤੀ ਕਰ ਸਕਣਾ ਕਠਨ ਸੀ। ਕੀ ਅਜੋਕੇ ਨਾਟਕ ਵਾਸਤੇ ਏਨੇ ਪਾਤਰ ਲਾਜ਼ਮੀ ਹਨ ?

ਹਰਸਰਨ : ਕਈ ਨਾਟਕਕਾਰ ਕੁਝ ਅਨੋਖੀ ਗੱਲ ਕਰਨ ਦੀ ਤੀਬਰਤਾ ਵਿਚ ਦਰਸ਼ਕਾਂ ਨੂੰ ਨਾਟਕ ਨਾਲੋਂ ਮੇਲਾ ਵਖਾਉਣ ਤੇ ਤੁਲ ਜਾਂਦੇ ਹਨ। ਸਾਧਾਰਣ ਦਰਸ਼ਕ ਨੇ ਪੰਜ ਸਤ ਪਾਤਰਾਂ ਵਾਲਾ ਨਾਟਕ ਹੀ ਵੇਖਿਆ ਹੁੰਦਾ ਹੈ ਇਸ ਵਾਸਤੇ ਉਹ ਅਵੱਸ਼ ਪ੍ਰਭਾਵਤ ਹੁੰਦਾ ਹੈ ਕਿ ਕਿਵੇਂ ਜੀਵਨ ਵਿਚ ਮੇਲੇ ਗੇਲੇ ਸਦਾ ਹੀ ਦਰਸ਼ਕ ਦਾ ਧਿਆਨ ਖਿਚਦੇ ਹਨ। ਅਜਿਹੇ ਨਾਟਕਕਾਰਾਂ ਨੇ ਕਲਾ ਦੀ ਥਾਂ ਦਰਸ਼ਕਾਂ ਨੂੰ ਮੁਖ ਰਖ ਕੇ ਨਾਟਕ ਲਿਖਿਆ ਹੁੰਦਾ ਹੈ। ਅਜਿਹੇ ਨਾਟਕਕਾਰ ਦੀ ਰੁਚੀ ਸਿਆਸਤਦਾਨਾਂ ਵਾਲੀ ਹੈ।

ਘੁੰਮਣ : ਨਾਟਕ ਦੇ ਵਿਸ਼ੇ ਦੀ ਮੰਗ ਹੋ ਸਕਦੀ ਹੈ ਕਿ ਉਸ ਵਾਸਤੇ ਵਿਅਕਤੀ ਪਾਤਰਾਂ ਦੀ ਥਾਂ ਸਮਸ਼ਟੀ ਨੂੰ ਪੇਸ਼ ਕੀਤਾ ਜਾਵੇ। ਅਜਿਹੇ ਨਾਟਕਾਂ ਵਿਚ ਜ਼ਰੂਰ ਕਲਾਕਾਰਾਂ ਦੀ ਭਰਮਾਰ ਹੋਵੇਗੀ।

ਹਰਸਰਨ : ਮੇਰੇ ਖ਼ਿਆਲ ਵਿਚ ਨਾਟਕਕਾਰ ਨੂੰ ਕੁੱਜੇ ਵਿਚ ਦਰਿਆ ਬੰਦ ਕਰਨ ਦੇ ਸਮਰਥ ਹੋਣਾ ਚਾਹੀਦਾ ਹੈ।

ਘੁੰਮਣ : ਸਪੱਸ਼ਟ ਤੌਰ ਤੇ ਕੁੱਜਾ ਕਦੇ ਵੀ ਦਰਿਆ ਦਾ ਟਪਲਾ ਨਹੀਂ ਦੇ ਸਕਦਾ। ਦਰਿਆ ਨੂੰ ਨਾਟਕ ਵਿਚ ਛੁਟਿਆ ਕੇ ਵੀ ਪੇਸ਼ ਕਰਾਂਗੇ ਤਾਂ ਨਦੀ ਜ਼ਰੂਰ ਪ੍ਰਤੀਤ ਹੋਵੇਗੀ।

ਹਰਸਰਨ : ਨਦੀ ਵਾਂਗ ਠਾਠਾਂ ਮਾਰਦੇ ਕਲਾਕਾਰ ਸਮੂਹ ਵਿਚ ਕਲਾ ਰੁੜ੍ਹ ਨਹੀਂ ਜਾਵੇਗੀ ? ਦਰਸ਼ਕ ਕਿਸ ਕਿਸ ਕਲਾਕਾਰ ਤੇ ਬਿਰਤੀ ਜੋੜ ਸਕੇਗਾ ਜਦ ਮੰਚ ਤੇ ਬਰਾਤ ਦੀ ਬਰਾਤ ਮੌਜੂਦ ਹੋਵੇਗੀ ? "ਜਗ ਚਾਨਣ ਹੋਇਆ" ਵਿਚ ਗਾਰਗੀ ਆਪ ਵੀ ਸਮੂਹ ਵਿਚੋਂ ਕਿਸੇ ਕਲਾਕਾਰ ਤੇ ਉਂਗਲ ਰਖ ਕੇ ਨਹੀਂ ਕਹਿ ਸਕਦਾ ਕਿ "ਦੇਖਿਐ ਮੇਰੇ ਉਸ ਪਾਤਰ ਦਾ ਕਮਾਲ ?"

ਘੁੰਮਣ : "ਜਗ ਚਾਨਣ ਹੋਇਆ" ਵਿਚ ਸਮੂਹ ਇਕੋ ਪਾਤਰ ਦੇ ਪ੍ਰਤੀਕ ਸਨ। ਵੈਸੇ ਹਜੂਮ ਵਿਚੋਂ ਵੀ ਕਈ ਪਾਤਰ ਦਰਸ਼ਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣ ਜਾਂਦੇ ਹਨ। "ਆਗਰਾ ਬਾਜ਼ਾਰ" ਵਿਚ ਕਕੜੀ ਵਾਲਾ ਤੇ ਅੰਨ੍ਹਾ ਆਪਣੀ ਕਲਾ ਦੇ ਜਾਦੂ ਦਾ ਅਸਰ ਪਾਣ ਦੇ ਸਮਰਥ ਸਨ ਤੇ ਏਸੇ ਤਰ੍ਹਾਂ ਗਾਰਗੀ ਦਾ ਮਰਦਾਨਾ।

ਹਰਸਰਨ : ਗੱਲ ਸਮੂਹ ਦੀ ਚੱਲ ਰਹੀ ਏ। ਅਨੇਕ ਕਲਾਕਾਰਾਂ ਵਿਚੋਂ ਕਿਸੇ ਨੂੰ ਜੇ ਵਿਸ਼ਸ਼ੇਤਾ ਦੇਣੀ ਹੀ ਹੈ ਤਾਂ ਬਾਕੀ ਸਮੂਹ ਦੀ ਕੀ ਲੋੜ ਹੈ ?

ਘੁੰਮਣ : ਮੈਂ ਨੈਸ਼ਨਲ ਸਕੂਲ ਆਫ਼ ਡਰਾਮਾ ਵਿਚ ਅਲਕਾਜ਼ੀ ਦੇ ਨਾਟਕ ਵੇਖੇ ਹਨ। ਖ਼ਾਸ ਤੌਰ ਤੇ "ਚਾਕ ਸਰਕਲ" ਅਤੇ "ਤਿੰਨ ਟਕੇ ਦੇ ਸਵਾਂਗ" ਦਾ ਮੈਂ ਜ਼ਿਕਰ ਕਰਨਾ ਚਾਹਾਂਗਾ। ਇਹਨਾਂ ਨਾਟਕਾਂ ਵਿਚ ਚਾਲ੍ਹੀ ਚਾਲ੍ਹੀ ਪਾਤਰਾਂ ਵਿਚੋਂ ਵੀ ਹਰੇਕ ਦੇ ਵਿਅਕਤੀਤਵ ਦੀ ਵਖਰੀ ਛਾਪ ਦਰਸ਼ਕ ਦੇ ਮਨ ਤੇ ਉਕਰੀ ਜਾਂਦੀ ਹੈ। ਇਹਨਾਂ ਨਾਟਕਾਂ ਦੇ ਪਾਤਰਾਂ ਦੀ ਗਿਣਤੀ ਘਟਾਈ ਜਾਂਦੀ ਤਾਂ ਨਾਟਕ ਦੀ ਮੌਤ ਹੋ ਜਾਣੀ ਸੀ।

ਹਰਸਰਨ : ਇਹ ਨਾਟਕ ਬਰੈਖਤ ਦੇ ਹਨ। ਉਸ ਨੇ ਵੀ ਪਾਤਰ ਮਜਮਾਗੀਰਾਂ ਵਾਂਗ ਲਿਆਂਦੇ ਹਨ। ਸਮੂਹ ਪੇਸ਼ ਕਰਨ ਲਗਿਆਂ ਉਸ ਨੂੰ ਵੀ ਫ਼ਿਲਮੀ ਪ੍ਰੋਜੈਕਟਰਾਂ ਦਾ ਸਹਾਰਾ ਲੈਣਾ ਪਿਆ ਹੈ। ਸਿਧ ਹੁੰਦਾ ਹੈ ਕਿ ਮਜਮੇ ਪੇਸ਼ ਕਰਨ ਵਾਸਤੇ ਮੰਚ ਨਹੀਂ, ਸਕਰੀਨ ਢੁਕਵੀਂ ਥਾਂ ਹੈ ਜਿਥੇ ਕੈਮਰਾ ਇਕ ਮਿੰਟ ਵਿਚ ੪੦ ਬੰਦਿਆਂ ਉਤੇ ਸਾਡਾ ਧਿਆਨ ਕੇਂਦਰਿਤ ਕਰ ਸਕਦਾ ਹੈ।

ਘੁੰਮਣ : ਮੈਂ ਜਿਹੜੇ ਨਾਟਕਾਂ ਦਾ ਉਪਰ ਜ਼ਿਕਰ ਕੀਤਾ ਹੈ ਇਹਨਾਂ ਨੂੰ ਪੇਸ਼ ਕਰਨ ਸਮੇਂ ਕਿਸੇ ਫ਼ਿਲਮ ਪ੍ਰੋਜੈਕਟਰ ਦੀ ਸਹਾਇਤਾ ਨਾਲ ਲਈ ਗਈ। ਹਾਂ ਰੋਸ਼ਨੀ ਦੇ ਫ਼ੋਕਸ ਬਦਲ ਕੇ ਜ਼ਰੂਰ ਕਿਸੇ ਵਿਸ਼ੇਸ਼ ਪਾਤਰ ਸਮੂਹ ਨੂੰ ਦਰਸ਼ਕਾਂ ਦੇ ਦ੍ਰਿਸ਼ਟੀਗੋਚਰ ਕਰ ਕੇ ਬਾਕੀ ਸਮੂਹ ਨੂੰ ਆਊਟ ਆਫ਼ ਫੋਕਸ ਕਰ ਦਿੱਤਾ ਜਾਂਦਾ ਹੈ।

ਹਰਸਰਨ : ਜਿਹੜੇ ਪਾਤਰਾਂ ਨੂੰ ਆਊਟ ਆਫ਼ ਫੋਕਸ ਕਰਨਾ ਹੋਵੇ ਉਹਨਾਂ ਨੂੰ ਮੰਚ ਦੇ ਥਾਂ ਪੰਡਾਲ ਵਿਚ ਕਿਉਂ ਨਾ ਕੁਰਸੀਆਂ ਦਿਤੀਆਂ ਜਾਣ ਤਾਂ ਜੋ ਕਾਸਟਿਊਮਜ਼ ਮੇਕਅਪ ਆਦਿ ਦੇ ਵਾਧੂ ਝੰਜਟ ਤੋਂ ਬਚਿਆ ਜਾਵੇ ਅਤੇ ਡਾਇਰੈਕਟਰ ਦੀ ਸਿਰਦਰਦੀ ਘਟਾਈ ਜਾਵੇ। ਸੱਚੀ ਗੱਲ ਤਾਂ ਇਹ ਹੈ ਮੇਰਾ ਦ੍ਰਿਸ਼ਟੀਕੋਣ ਪਾਤਰਾਂ ਦੇ ਸਬੰਧ ਵਿਚ ਫ਼ੈਮਲੀ ਪਲੈਨਿੰਗ ਵਾਲਾ ਹੈ।

ਘੁੰਮਣ : ਜੇ ਸੰਜਮ ਈ ਰਖਣਾ ਜੇ ਸ੍ਰੀਮਾਨ ਜੀ ਤਾਂ ਤੁਹਾਡੇ ਉਦਾਸ ਲੋਕ ਅਤੇ ਜਿਗਰਾ ਵਿਚ ਦਰਜਨ ਤੋਂ ਵਧ ਪਾਤਰਾਂ ਦੀ ਕੀ ਲੋੜ ਏ। ਇਕ ਪਾਤਰੀ ਨਾਟਕ ਕਿਉਂ ਨਾ ਲਿਖੇ ਜਾਣ ਦੁੱਗਲ ਦੀ "ਉਪਰਲੀ ਮਨਜ਼ਿਲ" ਵਾਂਗ ?

ਹਰਸਰਨ : ਇਕ ਪਾਤਰ ਨਾਲ ਕੰਮ ਸਰ ਸਕਦਾ ਹੋਵੇ ਤਾਂ

ਦੂਜਾ ਕਦੇ ਨਹੀਂ ਰਖਣਾ ਚਾਹੀਦਾ। ਉਦੇਸ਼ ਕਲਾ ਨੂੰ ਉਜਾਗਰ ਕਰਨ ਦਾ [illegible]।

**ਘੁੰਮਣ :** ਜੇ ਇਕ ਦੋ ਜਾਂ ਬਸ ਤਿੰਨ ਨਾਲ ਨਾਟਕ ਕਲਾ ਦੀਆਂ ਲੋੜਾਂ ਪੂਰੀਆਂ ਹੋ ਸਕਦੀਆਂ ਤਾਂ ਸ਼ੇਕਸਪੀਅਰ, ਸ਼ਾਅ, ਸਟਰਿੰਗਬਰਗ ਅਤੇ ਬਰੇਖਤ ਕਦੇ ਵੀ ਦਰਜਨਾਂ ਪਾਤਰ ਆਪਣੇ ਨਾਟਕਾਂ ਵਿਚ ਭਰ ਦੇਣ ਦੀ ਭੁੱਲ ਨਾ ਕਰਦੇ। ਕਲਾ ਦੇ ਹਿਤ ਵਿਚ ਹੈ ਕਿ ਵਧ ਤੋਂ ਵਧ ਕਲਾਕਾਰਾਂ ਦੀ ਸਹਾਇਤਾ ਲਈ ਜਾਵੇ ਕਿਉਂ ਜੋ ਨਾਟਕ ਆਪਣੇ ਆਪ ਵਿਚ ਸਮੂਹਕ ਕਲਾ ਹੈ।

**ਹਰਸਰਨ :** ਮੇਰੀ ਨਜ਼ਰ ਵਿਚ ਮੰਚ ਤੇ ਹਰ ਵਿਅਕਤੀ ਕਲਾਕਾਰ ਹੈ। ਜੇ ੧੦੦ ਵਿਅਕਤੀ ਮੰਚ ਤੇ ਆਉਣ ਤਾਂ ਸਾਰੇ ਹੀ ਕਲਾਕਾਰ ਹਨ। ਕੋਈ ਨਾਟਕ ਚਾਹੇ ਉਹ ਸ਼ੇਕਸਪੀਅਰ ਹੈ ਜਾਂ ਬਰੇਖਤ ਏਨੇ ਵਿਅਕਤੀ ਨੂੰ ਕਲਾਕਾਰ ਦੇ ਰੂਪ ਵਿਚ ਪੇਸ਼ ਨਹੀਂ ਕਰ ਸਕਦਾ। ਮੈਂ ਇਸੇ ਲਈ ਸਮੂਹ ਦੇ ਹਕ ਵਿਚ ਨਹੀਂ ਜੇ ਕੋਈ ਇਸ ਤਰ੍ਹਾਂ ਕਰ ਸਕੇ ਤਾਂ ਮੈਂ ਉਸ ਨੂੰ ਰੱਬ ਮੰਨਾਂਗਾ।

**ਘੁੰਮਣ :** ਤੁਹਾਡੀ ਬਦਕਿਸਮਤੀ ਹੈ ਕਿ ਤੁਸਾਂ ਆਧੁਨਿਕ ਮਹਾਂਨਾਟ ਵੇਖੇ ਨਹੀਂ। ਸਮੂਹ ਦਾ ਦਰਸ਼ਕਾਂ ਤੇ ਵਖਰੀ ਕਿਸਮ ਦਾ ਪ੍ਰਭਾਵ ਪੈਂਦਾ ਹੈ ਅਤੇ ਇਸ ਦੀ ਛਾਪ ਅਮਿੱਟ ਹੁੰਦੀ ਹੈ। "ਤਿੰਨ ਟਕੇ ਦੇ ਸਵਾਂਗ" ਵਿਚ ਇਕ ਕੋਝਾ ਕਰੂਪ ਬੰਦਾ ਉਹ ਪ੍ਰਭਾਵ ਨਹੀਂ ਸੀ ਉਸਾਰ ਸਕਦਾ ਜੋ ਅਨੇਕ ਕੋਝੇ ਕਰੂਪ ਬੰਦੇ ਦਰਸ਼ਕਾਂ ਨੂੰ ਝੰਜੋੜਾ ਦੇਣ ਵਾਸਤੇ ਉਸਾਰ ਸਕੇ। ਮੈਂ ਤਾਂ ਆਪ ਸਮੂਹ ਦੀ ਸ਼ਕਤੀ ਤੋਂ ਏਨਾ ਪ੍ਰਭਾਵਤ ਹੋਇਆ ਹਾਂ ਕਿ ਨਵੇਂ ਨਾਟਕਕਾਰਾਂ 'ਬੁਝਾਰਤ" ਵਿਚ ਮੈਂ ਵੀ ਸਮੂਹ ਦੇ ਪਿਛੋਕੜ ਵਿਚ ਵਿਅਕਤੀਆਂ ਦਾ ਕੱਦ-ਬੁਤ ਘੜਿਆ ਹੈ।

**ਹਰਸਰਨ :** ਮੈਂ ਭਾਵੇਂ "ਤਿੰਨ ਟਕੇ ਦਾ ਸਵਾਂਗ" ਨਹੀਂ ਵੇਖਿਆ, "ਜੱਗ ਚਾਨਣ ਹੋਇਆ" ਜ਼ਰੂਰ ਵੇਖਿਆ ਹੈ। ਉਹਦੇ ਵਿਚ ਸਮੂਹ ਦਾ ਪ੍ਰਭਾਵ ਪ੍ਰਭਾਤ ਫੇਰੀ ਵਾਲੇ ਸਮੂਹ ਵਰਗਾ ਹੈ।

**ਘੁੰਮਣ :** "ਜਗ ਚਾਨਣ ਹੋਇਆ" ਵਿਚ ਸਮੂਹ ਦਾ ਪ੍ਰਭਾਵ ਜੇ ਤੀਖਣ ਨਹੀਂ ਪਿਆ ਤਾਂ ਕਸੂਰ ਨਾ ਹੀ ਨਾਟਕਕਾਰ ਦਾ ਹੈ ਨਾ ਕਲਾਕਾਰਾਂ ਦਾ। ਨਿਰਦੇਸ਼ਕ ਨੇ ਸਮੂਹ ਵਾਲੇ ਦ੍ਰਿਸ਼ ਵਿਉਂਤਣ ਲਗਿਆਂ ਉਕਾਈ ਕੀਤੀ ਹੈ। ਮੁਗਲਾਂ ਦੀਆਂ ਫ਼ੌਜਾਂ ਅਗੇ ਦੌੜਦੀਆਂ ਔਰਤਾਂ ਨੂੰ ਪਕੜਨ, ਮਧੋਲਣ, ਕਤਲ ਕਰਨ ਦੀ ਥਾਂ ਲੁਕਣ ਮੀਟੀ ਖੇਡਣ ਦਾ ਪ੍ਰਭਾਵ ਪੈਂਦਾ ਹੈ। ਤਲਵਾਰਾਂ ਨੂੰ ਲਾਲ ਵੀ ਨਹੀਂ ਕੀਤਾ ਜਾਂਦਾ, ਬ੍ਰਹਮ ਭੋਜ ਵਿਚ ਅਲਗੋਜ਼ੇ ਵਾਲੇ ਢਾਡੀ ਜਿਹੜਾ ਗਾ ਕੇ ਦਸਦੇ ਹਨ ਓਹਦੇ ਵਰਗਾ ਕੋਈ ਵੀ ਬੰਦਾ ਉਸ ਸਮੂਹ ਵਿਚ ਨਹੀਂ ਬੈਠਾ ਹੁੰਦਾ।

**ਹਰਸਰਨ :** ਮੇਰਾ ਤਾਂ ਵਿਚਾਰ ਹੈ ਸਮੂਹ ਵਿਚ ਕਲਾਕਾਰ ਆਪਣਾ ਵਿਅਕਤਿਤਵ ਖੋ ਬੈਠਦਾ ਹੈ। ਅਜ ਦਾ ਵਿਅਕਤੀ ਆਪਣਾ ਵਿਅਕਤਿਤਵ ਖੋ ਕੇ ਰਾਜ਼ੀ ਨਹੀਂ ਇਸੇ ਵਾਸਤੇ ਮੈਂ ਆਪਣੇ ਨਾਟਕਾਂ ਵਿਚ ਥੋੜੇ ਪਾਤਰ ਰਖਦਾ ਹਾਂ।

**ਘੁੰਮਣ :** ਵਿਅੱਕਤਿਤੱਵ ਸਮੂਹ ਦੀ ਭੂਮੀ ਉਤੇ ਹੀ ਕੋਈ ਮਹੱਤਵ ਪ੍ਰਾਪਤ ਕਰ ਸਕਦਾ ਹੈ। ਵਿਅੱਕਤਿਤੱਵ ਖੁਸਣ ਤੋਂ ਜੇ ਕਿਸੇ ਨੂੰ ਭੇ ਲਗਦਾ ਹੋਵੇ ਤਾਂ ਸੰਘਰਸ਼ ਕਰੇਗਾ। ਕੋਈ ਵੀ ਸੰਘਰਸ਼ ਇਕ ਵਿਅੱਕਤੀ ਨਹੀਂ ਕਰ ਸਕਦਾ। ਮੈਂ ਤਾਂ ਸਮੂਹ ਦਾ ਹਾਮੀ ਹਾਂ ਅਤੇ ਮੈਂ ਸ਼ੇਕਸਪੀਅਰ ਅਤੇ ਬਰੇਖਤ ਦੀਆਂ ਹੱਦਾਂ ਉਲੰਘ ਕੇ ਸਮੂਹਕ ਦ੍ਰਿਸ਼ਾਂ ਵਾਲੇ ਨਾਟਕਾਂ ਦੀ ਕਲਪਨਾ ਕਰ ਰਿਹਾ ਹਾਂ। ਕਿਉਂ ਜੋ ਸਾਡੇ ਮੰਚ ਦੀਆਂ ਵਲਗਣਾਂ ਸੁੰਗੜਨ ਦੀ ਥਾਂ ਫੈਲ ਰਹੀਆਂ ਹਨ।

**ਹਰਸਰਨ :** ਮੇਰੀ ਧਾਰਨਾ ਇਹ ਹੈ ਕਿ ਸਮੂਹ ਦੀ ਗੱਲ ਕਰਨ ਲਗਿਆਂ ਜਾਂ ਸਮੂਹ ਦਾ ਪ੍ਰਭਾਵ ਦੇਣ ਲਈ ਮੰਚ ਉਤੇ ਜਲਸਾ ਜਲੂਸ ਜ਼ਰੂਰੀ ਨਹੀਂ ਹੁੰਦਾ। "ਐਜੀਟੇਸ਼ਨ" ਵਿਚ ਮੈਂ ਨਾਅਰੇ ਮਾਰਦੀਆਂ ਔਰਤਾਂ ਮੰਚ ਤੇ ਨਹੀਂ ਲਿਆਂਦੀਆਂ। ਖਿੜਕੀ ਵਿਚ ਖਲੋਤੇ ਪਾਤਰ ਐਜੀਟੇਸ਼ਨ ਦਾ ਨਜ਼ਾਰਾ ਬਿਆਨ ਕਰੀ ਜਾਂਦੇ ਹਨ।

**ਘੁੰਮਣ :** ਪਰ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਜੇ 'ਐਜੀਟੇਸ਼ਨ' ਕਰਦੀਆਂ ਔਰਤਾਂ ਦਾ ਕੁਝ ਹਿੱਸਾ ਮੰਚ ਤੋਂ ਗੁਜ਼ਰਦਾ ਤਾਂ ਪ੍ਰਭਾਵ ਵੱਖਰੀ ਕਿਸਮ ਦਾ ਪੈ ਜਾਣਾ ਸੀ। ਇਕ ਨਿਮਾਣੀ ਗੀਟੀ ਇਸ ਨਾਟਕ ਵਿਚ ਕਾਰਜ ਨੂੰ ਮਘਾ ਦੇਂਦੀ ਹੈ। ਜੇ ਜਿਉਂਦੇ ਜਾਗਦੇ ਵਿਅਕਤੀ ਆ ਜਾਂਦੇ ਤਾਂ ਬੜਾ ਤੀਖਣ ਪ੍ਰਭਾਵ ਉਸਰਨਾ ਸੀ। ਹੁਣ ਤਾਂ ਨਾਟਕ ਐਜੀਟੇਸ਼ਨ ਬਾਰੇ ਗੋਸ਼ਟੀ ਬਣ ਕੇ ਰਹਿ ਗਿਆ ਹੈ।

**ਹਰਸਰਨ :** ਜੇ ਲੋਕਾਂ ਨੇ ਜਲਸੇ ਜਲੂਸ ਹੀ ਵੇਖਣੇ ਹੋਣ ਅਤੇ ਉਹ ਵੀ ਫ਼ਿਲਮੀ ਪ੍ਰੋਜੈਕਟਰਾਂ ਨਾਲ ਤਾਂ ਉਹ ਨਾਟਕ ਕਿਉਂ ਵੇਖਣਗੇ। ਫ਼ਿਲਮ ਕਿਉਂ ਨਾ ਵੇਖ ਲੈਣਗੇ?

**ਘੁੰਮਣ :** ਫ਼ਿਲਮ ਅਤੇ ਟੈਲੀਵੀਜ਼ਨ ਦੀਆਂ ਤਸਵੀਰਾਂ ਦਰਸ਼ਕਾਂ ਨੂੰ ਉਹ ਤ੍ਰਿਪਤੀ ਨਹੀਂ ਦੇ ਸਕਦੀਆਂ ਜੋ ਰੰਗਮੰਚ ਤੇ ਵਿਚਰਦੇ ਕਲਾਕਾਰ ਦੇ ਸਕਦੇ ਹਨ। ਮਾਸ ਦੇ ਜਿਉਂਦੇ ਜਾਗਦੇ ਕਾਲਕਾਰ ਦਰਸ਼ਕ-ਸਪਰਸ਼ ਨਾਲ ਆਪਣੇ ਪ੍ਰਤੀਕਰਮ ਨੂੰ ਇਕਸੁਰ ਕਰਦੇ ਹਨ। ਪਰਸਪਰ ਹੁੰਗਾਰਾ ਭਰਨ ਵਾਲੀ ਕਲਾ ਚੇਤੰਨਤਾ ਦਾ ਜਾਦੂ ਉਸ ਕਲਾ ਨਾਲੋਂ ਵਖਰਾ ਸੁਹਜ ਸੁਵਾਦ ਪ੍ਰਦਾਨ ਕਰਦਾ ਹੈ ਜਿਥੇ ਦਰਸ਼ਕ ਦਾ ਪ੍ਰਤੀਕਰਮ ਕਲਾਕਾਰ ਤਕ ਪਹੁੰਚ ਨਹੀਂ ਸਕਦਾ।

**ਹਰਸਰਨ :** ਇਕ ਪਾਸੇ ਤੁਸੀਂ ਫ਼ਿਲਮ-ਕਲਾ ਨੂੰ ਅਧੂਰਾ ਮੰਨਦੇ ਹੋ ਦੂਜੇ ਪਾਸੇ ਨਾਟਕਾਂ ਵਿਚ ਉਸ ਦੇ ਪ੍ਰਯੋਗ ਦਾ ਸਮਰਥਨ ਕਰਦੇ ਹੋ।

**ਘੁੰਮਣ :** ਬਰੇਖਤੀ ਨਾਟਕਾਂ ਵਿਚ ਫ਼ਿਲਮ ਦੀ ਵਰਤੋਂ ਕੇਵਲ ਵਾਤਾਵਰਣ ਉਸਾਰਨ ਵਾਸਤੇ ਕੀਤੀ ਜਾਂਦੀ ਹੈ।

**ਹਰਸਰਨ :** ਨਾਟਕ ਨੂੰ ਨਾਟਕ ਹੀ ਰਖਣਾ ਚਾਹੀਦਾ ਹੈ।

**ਘੁੰਮਣ :** ਪਰ ਨਾਟਕ ਨੂੰ ਏਨੀ ਸੰਕੀਰਨਤਾ ਵਿਚ ਕਿਉਂ ਨੂੜ ਰਖਣ ਦੀ ਹਮਾਇਤ ਕਰ ਰਹੇ ਹੋ ਕਿ ਉਹ ਸਾਹ ਨਾ ਲੈ ਸਕੇ?

**ਹਰਸਰਨ :** ਨਾਟਕ ਦੀ ਮੂਲ ਲੋੜ ਸੰਜਮ ਹੈ, ਵਾਰਤਾਲਾਪ ਵਿਚ ਵੀ ਅਤੇ ਪਾਤਰਾਂ ਵਿਚ ਵੀ, ਸੈਟਿੰਗ ਵਿਚ ਵੀ ਅਤੇ ਪੇਸ਼ਕਾਰੀ ਵਿਚ ਵੀ।

**ਘੁੰਮਣ :** ਨਾਟ-ਯਥਾਰਥ ਦੀ ਲੋੜ ਜਿੰਨੇ ਸੰਜਮ ਦੀ ਮੰਗ ਕਰੇ ਉਸ ਤੋਂ ਵੱਧ ਸੰਜਮ ਨਾਟਕ ਵਾਸਤੇ ਘਾਤਕ ਸਿੱਧ ਹੋਵੇਗਾ। ਕਈ ਵਿਸ਼ੇ ਦੋ ਚਾਰ ਪਾਤਰਾਂ ਨਾਲ ਨਹੀਂ ਨਿਭਦੇ, "ਆਗਰਾ ਬਾਜ਼ਾਰ" ਜਾਂ "ਗਗਨ ਮੈ ਥਾਲੁ" ਵਾਸਤੇ ਪਾਤਰਾਂ ਦਾ ਹਜੂਮ ਆਵਸ਼ਕ ਸੀ।

**ਹਰਸਰਨ :** ਮੇਰੇ ਵਾਂਗ ਹੋਰ ਵੀ ਕਈ ਦਰਸ਼ਕ ਮਹਿਸੂਸ ਕਰਦੇ ਸਨ ਕਿ ਇਹ ਦੋਵੇਂ ਨਾਟਕ ਨਾਟਕ ਨਹੀਂ ਸਨ, ਮੇਲੇ ਜਾਂ ਜਲਸੇ ਸਨ। ਇਹਨਾਂ ਵਿਚ ਸਭ ਕੁਝ ਹੈ ਸੀ, ਨਾਟਕੀਅਤ ਨਹੀਂ ਸੀ।

**ਘੁੰਮਣ :** ਨਾਟਕੀਅਤਾ ਦੇ ਅਰਥ ਜੇ ਪਰੰਪਰਾਗਤ ਨਾ ਲਏ ਜਾਣ ਤਾਂ ਇਹ ਤਾਂ ਪਰਵਾਨ ਕਰੋਗੇ ਕਿ ਇਹਨਾਂ ਦੇ

ਨਾਟਕਾਂ ਵਿਚ ਦਰਸ਼ਕਾਂ ਨੂੰ ਨਾਟਕੀ ਤਜਰਬਾ ਜ਼ਰੂਰ ਪ੍ਰਾਪਤ ਹੋਇਆ ।

ਹਰਸਰਨ : ਕਿਸੇ ਹਦ ਤਕ ।

ਘੁੰਮਣ : ਜੇ ਪਾਤਰਾਂ ਦੇ ਹਜੂਮ ਵਾਲੇ ਨਾਟਕਾਂ ਵਿਚੋਂ ਭਰਪੂਰ ਨਾਟਕੀ ਤਜਰਬਾ ਵੀ ਪ੍ਰਾਪਤ ਹੋਵੇ, ਫਿਰ ਤਾਂ ਤੁਸੀਂ ਬਹੁਤੇ ਪਾਤਰਾਂ ਤੇ ਇਤਰਾਜ਼ ਨਹੀਂ ਕਰੋਗੇ ।

ਹਰਸਰਨ : ਬਿਲਕੁਲ ਨਹੀਂ ।

ਘੁੰਮਣ : ਇਕੋ ਪਾਤਰ ਜੇ ਭਰਪੂਰ ਨਾਟਕੀ ਤਜਰਬਾ ਦੇ ਸਕੇ ਤਾਂ ਦੂਜੇ ਦੀ ਲੋੜ ਕਦਾਚਿਤ ਨਹੀਂ, ਹੁਣ ਮੈਂ ਤੁਹਾਡੇ ਨਾਲ ਸਹਿਮਤ ਹਾਂ ।

ਹਰਸਰਨ : ਤੁਹਾਨੂੰ ਇਸ ਗੱਲ ਤੇ ਵੀ ਸਹਿਮਤ ਹੋਣਾ ਪਵੇਗਾ ਕਿ ਨਾਟਕ ਦੇ ਨਾਂ ਤੇ ਏਨਾ ਵਡਾ ਅਡੰਬਰ ਰਚ ਕੇ ਹਜ਼ਾਰਾਂ ਰੁਪਏ ਬਰਬਾਦ ਕਰ ਦੇਣਾ ਮਹਿੰਗਾ ਨਾਟਕੀ ਤਜਰਬਾ ਹੈ । ਏਨੀ ਰਕਮ ਨਾਲ ਵੀਹ ਵਧੀਆ ਨਾਟਕ ਖੇਡੇ ਜਾ ਸਕਦੇ ਸਨ ਅਤੇ ਸੈਂਕੜੇ ਕਲਾਕਾਰਾਂ ਦਾ ਉਤਸ਼ਾਹ ਵੱਧ ਸਕਦਾ ਸੀ ।

ਘੁੰਮਣ : ਇਹਨਾਂ ਹੀ ਨਾਟਕਾਂ ਨੂੰ ਬਹੁਤ ਸਾਦੇ ਢੰਗ ਨਾਲ ਬਹੁਤ ਥੋੜੀ ਰਕਮ ਖ਼ਰਚ ਕੇ ਵੀ ਖੇਡਿਆ ਜਾ ਸਕਦਾ ਸੀ। ਗੁਰੂ ਨਾਨਕ ਦੇਵ ਜੀ ਬਾਰੇ ਮੇਰੇ ਨਾਟਕ "ਵਿਸਮਾਦੁ ਨਾਦੁ" ਵਿਚ ਪਾਤਰਾਂ ਦੀ ਗਿਣਤੀ "ਗਗਨ ਮੈ ਥਾਲੁ" ਨਾਲੋਂ ਘਟ ਨਹੀਂ, ਪਰੰਤੂ ਜਿਹੜੀਆਂ ਨਾਟਕ ਮੰਡਲੀਆਂ ਨੇ ਖੇਡਿਆ ਹੈ ਇਕ ਹਜ਼ਾਰ ਰੁਪਏ ਤੋਂ ਵੱਧ ਖ਼ਰਚ ਨਹੀਂ ਆਇਆ ।

ਹਰਸਰਨ : ਉਹਨਾਂ ਨਾਟਕ ਮੰਡਲੀਆਂ ਨੇ ਨਾਟਕ ਖੇਡਿਆ ਹੋਵੇਗਾ, ਤਮਾਸ਼ਾ ਨਹੀਂ ਸਿਰਜਿਆ ਹੋਣਾ ।

ਘੁੰਮਣ : ਮੈਂ ਸਹਿਮਤ ਹਾਂ ।

---

ਹਰਸਰਨ ਸਿੰਘ ਦੀਆਂ ਦੋ ਪੁਸਤਕਾਂ:

ਪਰਦੇ (5.00) ਸਿਰਜਣਾ (6.00)

ਕਪੂਰ ਸਿੰਘ ਘੁੰਮਣ ਦੇ ਦੋ ਨਾਟਕ:

ਅਤੀਤ ਦੇ ਪਰਛਾਵੇਂ

ਜ਼ਿੰਦਗੀ ਲਾਸ਼

---

## ੨. ਪੀ.ਐੱਨ.ਈ.

ਪੱਛਮੀ ਕੈਨੇਡਾ ਦਾ ਸਭ ਤੋਂ ਵੱਡਾ, ਕੈਨੇਡਾ ਦਾ ਦੂਜਾ ਵੱਡਾ ਅਤੇ ਉੱਤਰੀ-ਅਮਰੀਕਾ ਮਹਾਂਦੀਪ ਦਾ ਛੇਵਾਂ ਵੱਡਾ ਮੇਲਾ ਪੀ.ਐੱਨ.ਈ. (ਪੈਸੇਫਿਕ ਨੈਸ਼ਨਲ ਐਗਜ਼ੀਬੀਸ਼ਨ); 18 ਅਗਸਤ ਤੋਂ 3 ਸਤੰਬਰ 1973 ਤੱਕ ਪੀ. ਐੱਨ. ਈ. ਗਰਾਊਂਡ ਤੇ ਗਾਰਡਨ ਵਿੱਚ ਮਨਾਇਆ ਗਿਆ। ਵੈਨਕੋਵਰ ਦੇ 17 ਦਿਨ ਲੰਬੇ ਇਸ ਮੇਲੇ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰੀ ਸਮਾਜ ਦਾ ਹਰ ਦ੍ਰਿਸ਼ ਸ਼ਾਮਲ ਸੀ।

ਪਹਿਲੇ ਦਿਨ, 18 ਅਗਸਤ ਨੂੰ ਕੈਨੇਡਾ 'ਚ ਵਸਦੀਆਂ ਸਾਰੀਆਂ ਕੌਮਾਂ ਨੇ ਪੀ.ਐੱਨ.ਈ.ਪਰੇਡ ਨਾਂ ਦੇ 82 ਯੂਨਿਟਾਂ ਵਿੱਚ ਵੰਡੇ ਹੋਏ ਰੰਗੀਨ ਜਲੂਸ ਵਿੱਚ ਆਪੋ ਆਪਣੇ ਸੱਭਿਆਚਾਰਕ ਵਿਰਸੇ ਦੀ ਪ੍ਰਦਰਸ਼ਨੀ ਕੀਤੀ। ਭਾਰਤ ਨੇ ਪਹਿਲੀ ਵਾਰ ਇਸ 64ਵੇਂ ਮੇਲੇ ਦੀ ਪਰੇਡ ਵਿੱਚ ਭਾਗ ਲੈ ਕੇ ਤਾਜ ਮਹੱਲ ਦੀ ਫਲੋਟ ਦੇ ਨਾਲ ਪੰਜਾਬੀ ਲੋਕ-ਨਾਚ ਭੰਗੜਾ, ਗੁਜਰਾਤੀ ਗਰਬਾ ਤੇ ਕਲਾਸੀਕਲ ਨਾਚ ਭਾਰਤ ਨਾਟਿਅਮ ਦੇ ਮਨਮੋਹਕ ਦ੍ਰਿਸ਼ ਪੇਸ਼ ਕੀਤੇ।

## ੩. ਭਾਰਤੀ ਦਰਸ਼ਕ

ਪ੍ਰਸਿੱਧ ਪੰਜਾਬੀ ਗਾਇਕ ਮੁਹੰਮਦ ਸਦੀਕ ਤੇ ਉਨ੍ਹਾਂ ਦੀ ਪਾਰਟੀ (ਰਣਜੀਤ ਕੌਰ, ਚਰਨਜੀਤ ਸਿੰਘ ਸ਼ਾਹਕੋਟੀ, ਗੁਰਦਿਆਲ ਸਿੰਘ ਪ੍ਰੇਮੀ, ਇੰਦਰਜੀਤ ਕੌਰ, ਅੰਸ਼ ਚੰਦਰ ਤੇ ਬੇਬੀ ਰਜਿੰਦਰ) ਵੱਲੋਂ ਵੈਨਕੋਵਰ ਵਿੱਚ 9 ਸਤੰਬਰ 73 ਨੂੰ ਪੇਸ਼ ਕੀਤੇ ਗਏ ਪ੍ਰੋਗ੍ਰਾਮ ਵਿੱਚ ਸਾਰੇ ਕਲਾਕਾਰ ਆਪਣੀ ੨ ਜਗ੍ਹਾ ਪ੍ਰਭਾਵਸ਼ਾਲੀ ਰਹੇ। ਵਧੀਆ ਸਟੇਜ-ਸਕੱਤਰ ਦੀ ਅਣਹੋਂਦ, ਗੀਤਾਂ ਦੇ ਲੇਖਕਾਂ ਦੇ ਨਾਮ ਨਾਂ ਦੱਸਣਾ ਤੇ ਟਿਕਟ ਦੀ ਜ਼ਿਆਦਾ ਕੀਮਤ ਪ੍ਰੋਗ੍ਰਾਮ ਦੀਆਂ ਕਮਜ਼ੋਰੀਆਂ ਸਨ। ਪ੍ਰੋਗ੍ਰਾਮ ਦੇ ਜ਼ਿਆਦਾ ਪਸੰਦ ਹੋਏ ਹਿੱਸਿਆਂ ਵਿੱਚ, 'ਸਦੀਕ' ਦਾ ਦੁੱਲਾ, 'ਸ਼ਾਹਕੋਟੀ' ਦੀ ਹੀਰ, ਬੇਬੀ ਰਜਿੰਦਰ ਦਾ ਨਾਚ, ਰਣਜੀਤ ਦਾ ਫਿਲਮੀ ਗੀਤ, ਪ੍ਰੇਮੀ ਦਾ ਮਿਰਜ਼ੇ ਦੇ ਰੂਪ 'ਚ ਨਾਚ, ਇੰਦਰਜੀਤ ਦੀਆਂ ਭੰਗੜੇ 'ਚ ਕੁਝ ਹੋਰਾਂ ਤੇ ਅੰਸ਼ ਦੇ ਕੁਝ ਫੋਲਕ-ਤਾਲ ਸ਼ਾਮਲ ਕੀਤੇ ਜਾ ਸਕਦੇ ਸਨ।

ਕੁਝ ਦਰਸ਼ਕਾਂ ਨੇ ਆਟਰਨ ਸਗਾਧ ਖੇਡ ਕੇ ਥੀਏਟਰ ਦੇ ਪ੍ਰਬੰਧਕਾਂ ਵੱਲੋਂ ਭਾਰਤੀ-ਦਰਸ਼ਕਾਂ ਤੇ ਲਾਏ ਅਨੁਸ਼ਾਸਨਹੀਣ ਤੇ ਅਸੱਭਿਅਕ ਹੋਣ ਦੇ ਦੋਸ਼ ਦੀ ਪੁਸ਼ਟੀ ਕੀਤੀ- 'ਪੈਸਾ ਖੋਟਾ ਆਪਣਾ ਬਾਣੀਏ ਨੂੰ ਕੀ ਦੋਸ਼'....।


DeVille
MORTGAGE CORP.
LTD.

24 HOUR PHONE SERVICE
873-3721
Mr. Jerry Wolfe or Mr. Patel

. MORTGAGE FUNDS
. "NO BONUS"
. 1st - 2nd - 3rd - INTERIM

**Funds Also Available for**
. Homes . Apartments . Stores
. Hotels . Motels . Construction . Land

**Existing Mortgages Purchased or Sold**
**No Appointment Necessary**
**Experienced Staff on Hand**

Mondays 9:00 a.m. to 7:00 p.m.
Tues. - Fri. 9:00 a.m. to 5:00 p.m.

**E. Broadway & Quebec, Van. 10, B.C.**

ਵਿਸ਼ੇਸ਼ ਵਿਅੰਗ:

# ਫੱਟੀਪੋਚ

ਹਰ ਰਾਸ਼ਟਰੀ, ਅੰਤਰ ਰਾਸ਼ਟਰੀ, ਦੇਸੀ-ਬਦੇਸੀ; ਸੱਜਰੇ ਜਾਂ ਬੇਹੇ; ਸਮਾਜਕ, ਰਾਜਨੀਤਕ, ਆਰਥਕ, ਸਾਹਿੱਤਕ, ਸੱਭਿਆਚਾਰਕ, ਧਾਰਮਕ ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਭੈੜਾ-ਪੁਰਸ਼ਾਂ' ਦੀ ਫੱਟੀ-ਪੋਚਣਾ ਮੇਰਾ-ਜਮਾਂਦਰੂ ਹੱਕ ਹੈ।

-'ਫੱਟੀਪੋਚ'

(ਬੁੱਢਾ ਸਰੀਰ, ਕੁਰਲਾਇਆ ਮੂੰਹ ਪਰ ਅੱਖਾਂ 'ਚ ਵਿਲੱਖਣ ਤੇਜ ਵਾਲਾ ਫੱਟੀਪੋਚ ਪੀੜ੍ਹੀ ਤੇ ਬੈਠਾ ਸੱਪ ਦੇ ਫੁੰਕਾਰੇ ਮਾਰਨ ਵਾਂਗ ਸੜ੍ਹਾਕੇ ਮਾਰ ਮਾਰ ਚਾਹ ਪੀ ਰਿਹਾ ਹੈ। ਸਿੱਧਰਾ ਆਉਂਦਾ ਹੈ।)

ਸਿੱਧਰਾ: ਉਸਤਾਦ ਜੀ! ਮੈਂ ਵੈਨਕੋਵਰ ਤੋਂ ਹੁਣੇ ਹੀ ਇੱਕ ਪੰਜਾਬੀ ਪ੍ਰੋਗਰਾਮ ਦੇਖ ਕੇ ਆ ਰਿਹਾਂ। ਪਰੋਗਰਾਮ ਚੰਗਾ ਸੀ ਪਰ ਦੇਖਣ ਵਾਲਿਆਂ ਕਈ ਸ਼ਰਾਬੀ ਬੁੱਧੂਆਂ ਨੇ ਇੱਕ ਸਰੀਫ਼ ਨੂੰ ਐਵੇਂ ਹੀ ਕੁੱਟ ਧਰਿਆ...

ਫੱਟੀਪੋਚ: (ਗੁੱਸੇ 'ਚ ਆ ਕੇ) ਚਾਚਾ ਸਿੱਧਰਿਆ! ਮੇਰਾ ਤਾਂ ਬੱਚੂ ਦਿਲ ਭੁੱਜਿਆ ਪਿਐ ਏਨ੍ਹਾਂ ਸ਼ਰਾਬੀ ਦਰਸ਼ਕਾਂ ਦੀਆਂ ਕਰਤੂਤਾਂ ਸੁਣ ਸੁਣ! ਸ਼ੋ ਰੱਫੀ ਦਾ ਹੋਵੇ ਜਾਂ ਕਿਸ਼ੋਰ ਦਾ, ਮੰਨਾ ਡੇ ਦਾ ਹੋਵੇ ਜਾਂ ਮੁਕੇਸ਼ ਦਾ - ਕੀ ਆਲਮ ਲੋਹਾਰ, ਕੀ ਨਰਿੰਦਰ ਬੀਬਾ, ਕੀ ਕੇ. ਦੀਪ, ਕੀ ਰੇਸ਼ਮਾ ਪਾਕਿਸਤਾਨੀ- ਮੁਕਦੀ ਗੱਲ, ਕੋਈ ਐਸਾ ਸ਼ੋ ਨੀ, ਜਿਥੇ ਏਨ੍ਹਾਂ ਨੇ ਗੰਦ ਨਾ ਘੋਲਿਆ ਹੋਵੇ। ਤਲਤ ਮਹਿਮੂਦ ਦੇ ਸ਼ੋ 'ਚ ਇੱਕ ਸ਼ਰਾਬੀ ਸਟੇਜ ਤੇ ਨੋਟ ਲਈ ਖੜ੍ਹਾ ਜਿਵੇਂ ਕਿਸੇ ਨਕਲੀਏ ਤੋਂ ਵੇਲ ਦਵਾਉਣ ਨੂੰ ਖੜ੍ਹਾ ਹੋਵੇ - ਬਈ ਹੱਦ ਮਾਂ ਦਿਆ ਤਰਖਾਣਾ! ਬਾਕੀ ਦੇ ਸਾਰੇ ਦਰਸ਼ਕ ਬੈਠੇ ਸੁਣ ਈ ਰਹੇ ਨੇ - ਤੂੰ ਸਮਝਨੈਂ, ਬਈ ਹੇਠਾਂ ਬੈਠਾ ਨੀ ਦੀਂਹਦਾ?

ਸਿੱਧਰਾ: ਉਸਤਾਦ ਜੀ! ਰੇਸ਼ਮਾ ਪਾਕਿਸਤਾਨੀ ਨੇ ਵੀ ਹਿੰਦੁਸਤਾਨ ਜਾਕੇ ਇੱਕ ਲੇਖ ਵਿੱਚ ਵੈਨਕੋਵਰ ਦੇ ਦਰਸ਼ਕਾਂ ਦੇ ਸਾਰੀ ਜੁੱਤੀਆਂ ਲਾਈਆਂ ਨੇ!

ਫੱਟੀਪੋਚ: ਓਏ ਆਹੋ! ਉਹਦੇ ਸੁਆਗਤੀ ਦੇ ਸ਼ੋ 'ਚ ਕਿਹੜਾ ਏਨ੍ਹਾਂ ਨੇ ਤਾਬਿਆਦਾਰੀ ਕੀਤੀ ਆ - ਲਗ ਪਏ ਉਹਦੀ 2 ਭੇਡਾਂ ਆਂਗੂੰ ਮੈਂ ਮੈਂ ਕਰਨ - ਜਦੋਂ ਉਹਨੇ ਕਿਹਾ ਬਈ ਚੁੱਪ ਕਰਕੇ ਸ਼ੋ ਦੇਖੋ ਤਾਂ ਕਹਿੰਦੇ "ਅਸੀਂ ਤੇਰਾ ਸ਼ੋ ਨੀ ਦੇਖਣ ਆਏ, ਤੈਨੂੰ ਦੇਖਣ ਆਏ ਆਂ!" ਬਈ ਕਲਾਕਾਰ ਆਪਣੀ ਕਲਾ ਤੋਂ ਬਿਨਾਂ ਹੋਰ ਸੱਤ ਚੁੱਲ੍ਹਿਆਂ ਦੀ ਸੁਆਹ ਵਿਖਾ ਦੇਵੇ ਲੋਕੂੰ?

ਸਿੱਧਰਾ: ਨਰਿੰਦਰ ਬੀਬਾ ਦੇ ਸ਼ੋ 'ਚ ਵੀ ਕਹਿੰਦੇ, ਉਸਤਾਦ ਜੀ! ਐਵੇਂ ਹੀ ਹੋਈ ਆ!

ਫੱਟੀਪੋਚ: ਨਰਿੰਦਰ ਬੀਬਾ ਦੇ ਸ਼ੋ 'ਚ ਤਾਂ ਦਰਸ਼ਕਾਂ ਨੇ ਉਹ ਗੁੰਡਾ-ਗਰਦੀ ਕੀਤੀ ਬਈ ਰਹੇ ਰੱਬ ਦਾ ਨਾਂ! ਬੇਚਾਰੀ ਆਖਿਰਾਂ ਨੇ ਅੱਕ ਕੇ ਅਖ਼ਬਾਰਾਂ 'ਚ ਛਪਾ'ਤਾ ਬਈ ਮਰਨੀ ਮਰਜਾਂਗੇ ਪਰ ਮੁੜਕੇ ਭਾਰਤੀਆਂ ਨੂੰ ਨਾ ਕੈਨੇਡਾ ਦੇ ਗੇ ਦਰਸ਼ਕਾਂ ਤੇ ਸ਼ੋ ਦਸਤੇ! ਦੱਸ ਐਸੀ ਬਦਨਾਮੀ ਤੋਂ ਸਾਡੀ ਮੌਤ ਨੀ ਚੰਗੀ ਸਿੱਧਰਿਆ? ਜਿੱਦੇਂ ਮੈਂ ਤੁਰਨ ਜੋਗਾ ਹੋ ਗਿਆ, ਇਨ੍ਹਾਂ ਭੁਤਰੇ ਦਰਸ਼ਕਾਂ ਤੇ ਗੈਰ-ਜ਼ਿੰਮੇਦਾਰ ਪੜ੍ਹੇ-ਪਰਬੰਧਕਾਂ ਦੀ ਫੱਟੀ ਦੇਖੀਂ ਕਿਵੇਂ ਪੋਚਦੈਂ!

ਸਿੱਧਰਾ: ਮੈਂ ਤਾਂ ਉਸਤਾਦ ਜੀ ਏਹ ਦੱਸਣਾ ਸੀ ਬਈ ਸ਼ੋ...

ਫੱਟੀਪੋਚ: (ਵਿਚੋਂ ਕੱਟਕੇ) ਓਏ ਤੈਨੂੰ ਸ਼ੋ ਦੀ ਲੱਗੀ ਆ ਮੇਰਾ ਅੰਦਰ ਮੱਚਿਆ ਪਿਐ ਸਾਡੀ ਇੱਜ਼ਤ ਦੇ ਕਾਰਨਾਮੇ ਸੁਣ ਸੁਣ!
ਐਨੀ ਧੰਨ ਧੰਨ ਹੁੰਦੀ ਪਈ ਐ ਸਾਡੇ ਦਿਖਾਵੇ ਦੀ ਬਈ ਕੋਈ ਗੋਰਾ ਸਮਝ ਨੀ ਸਕਦਾ ਤੇ ਦੇ ਕੇ ਗਜ਼ੀ ਭਾਰਤੀਆਂ ਨੂੰ! ਕਹਿੰਦੇ- ਗੋਰੀਆਂ ਦੇਖਕੇ ਐਂ ਲਾਲਾਂ ਸਿੱਟਦੇ ਆ ਜਿਵੇਂ ਭੁੱਖਾ ਜੱਟ ਜਲੇਬੀ ਦੇਖਕੇ - ਭਲਾ ਸਿੱਧਰਿਆ! ਕੁੜੀਆਂ ਨਾਲ ਮਹੱਬਤ ਜਾਂ ਵਿਆਹ-ਸ਼ਾਦੀ ਤਾਂ ਸਾਰਾ ਜੱਗ-ਜਹਾਨ ਈ ਕਰਦਾ ਆਇਐ ਪਰ ਆਹ ਕੀ ਹੋਇਆ ਬਈ ਕੱਲੀ-ਦੁਕੱਲੀ ਗੋਰੀ ਦੇਖਕੇ ਪੱਲਾ ਈ ਲਾ ਦੇਣਾ! ਜੇ ਕੁਸ਼ ਕੈਹਦੇ ਤਾਂ 'ਗਰੇਜ਼ੀ 'ਚ ਤੇਰੀ ਨੀ ਮਾਂ ਦੀ... ਤੇਰੀ ਨੀ ਭੈਣ ਦੀ...

ਸਿੱਧਰਾ: ਮੈਂ ਤਾਂ ਜੀ ਆਹ ਵੀ ਸੁਣਿਐ ਕਿ ਪਿੱਛੇ ਜੇ ਏਸ਼ੀਆ ਦਾ ਕੋਈ ਕਲਚਰਲ ਫੈਸਟੀਵਲ ਹੋਇਆ ਸੀ - ਉਹਦੇ 'ਚ ਇੰਡੀਆ ਦੀ ਇੱਕ ਵੀ 'ਆਈਟਮ' ਹੈ ਨੀ ਸੀ!

ਫੱਟੀਪੋਚ: ਕੋਈ ਅਲੋਕਾਰ ਗੱਲ ਨੀ ਹੈ ਸਿੱਧਰਿਆ! ਅਸੀਂ ਜੇਹੜੇ ਆਪਣੇ 'ਸੱਭਿਆਚਾਰ' ਵਿਖੇ 'ਚ ਗੱਲਾਂ ਦੀ ਕਿਤਾਬੀਆਂ ਮਾਰੀਆਂ ਬਈ ਸਾਡੇ ਬਿਨ੍ਹਾਂ ਗੱਲ ਨੀ ਤੁਰਦਾ ਉਹਨਾਂ ਦਾ! ਬਾਕੀ ਲੋਕਾਂ ਦੇ ਸਿੱਧਰਿਆ ਆਪਣੇ 2 'ਕਮਿਊਨਟੀ-ਸੈਂਟਰ' ਸਾਡਾ ਨਾ ਲੈਣ, ਨਾ ਦੇਣਾ - ਐਵੇਂ ਧੱਕੇ ਜੇ ਖਾਂਦੇ ਫਿਰਦੇ ਆਂ ਜਿਵੇਂ ਮੇਲੇ 'ਚ ਬਾਪੂ ਗੁਆਚਿਆ ਹੁੰਦੈ!

ਸਿੱਧਰਾ: ਅਸੀਂ ਕਿਉਂ ਨੀ ਉਸਤਾਦ ਜੀ ਹੁਣ ਤਾਈਂ ਕੈਨੇਡਾ ਗੌਰਮਿੰਟ ਨੂੰ ਕਹਿਕੇ ਦੂਜਿਆਂ ਆਂਗੂ ਬਣਾ ਲੈਂਦੇ ਕੋਈ ਸੈਂਟਰ-ਸ਼ੂੰਟਰ...

ਫੱਟੀਪੋਚ: ਬਈ ਉਨ੍ਹਾਂ ਲੋਕਾਂ ਦੀ ਰੀਸ ਕੀਹਨੇ ਕਰਨੀ ਆਂ ਅੱਲ ਸਾਂਝੀ ਹੋਣ ਨੀ, ਇੱਕੋ ਹੈ ਆ ਗੱਡੀ- ਦੂਜੇ ਪਾਸੇ ਸਾਡਾ ਕੀ ਸ਼ੋਆਂ ਤੇ, ਕੀ ਧਰਮੀ ਥਾਵਾਂ ਤੇ- ਹਰ ਥਾਂ ਜੂਤ ਖੜਕਦੈ - ਜਦੋਂ ਇਹ ਸਭ ਕੁਝ 'ਅਖ਼ਬਾਰਾਂ 'ਚ ਛਪਦੈ - ਸਾਰਾ ਮੁਲਕ ਜਾਣ ਗਿਆ ਬਈ ਕਿਹੋ ਜੀ ਕਰਤੂਤ ਦੇ ਮਾਲਕ ਆਂ ਅਸੀਂ!

ਸਿੱਧਰਾ: ਅੱਜ ਪਤਾ ਲੱਗਿਐ ਬਈ ਸਾਡੇ ਨਾਲ 'ਡਿਸਕਰਿਮੀਨੇਸ਼ਨ ਕਿਉਂ ਹੁੰਦੀ ਐ ਹਰ ਥਾਂ...

ਫੱਟੀਪੋਚ: ਅਸੀਂ ਆਪ ਈ ਨੀ ਕੁਸ਼ ਕਰਨ ਜੋਗੇ ਜੇਹੇ... ਖਾ ਪੀਆ ਹੱਗ ਲਿਆ... ਨਾ ਸਾਡਾ ਕੋਈ ਵਿਹਾਰ, ਨਾ ਦੀਨ-ਧਰਮ- ਜੇ ਅਸੀਂ ਇੱਕ ਮੁੱਠ ਹੋਕੇ ਚੱਲਿਆਂ ਆਪਣੇ ਹਕੂਕ- ਤਾਂ 'ਡਿਸਕਰਿਮੀਨੇਸ਼ਨ-ਕੁਸ਼ਨ ਕਰਨ ਆਲੇ ਦੀ ਫੱਟੀ ਨਾ ਪੋਚ ਕੇ ਰੱਖ ਦੇਈਏ...

(ਸਿੱਧਰਾ ਨਵਾਂ ਗਿਆਨ ਹਾਸਲ ਕਰਕੇ ਚੱਕਰ ਤੋਂ ਉਠੌਂ ਬੁੱਧ ਵਾਂਗ ਖੁਸ਼ ਹੁੰਦਾ ਤੇ ਸਿਰ ਖੁਰਕਦਾ ਹੋਇਆ ਚਾਹ ਧਰਨ ਲੱਗ ਪੈਂਦਾ ਹੈ।)

## ਸੰਜੀਵਨੀ ਬੂਟੀ

ਹਾਸ-ਰਸ ਦਾ ਸਥਾਈ-ਕਾਲਮ 'ਵਤਨੋਂ ਦੂਰ' ਵਿੱਚ 'ਹਸਦੀਆਂ-ਭੁੱਲ੍ਹੀਆਂ' ਨਾਂ ਹੇਠ ਸ਼ੁਰੂ ਕੀਤਾ ਗਿਆ ਸੀ।

ਪਿਛਲੇ ਮਹੀਨੇ ਤੋਂ ਇਸ ਕਾਲਮ ਦਾ ਨਾਮ 'ਸੰਜੀਵਨੀ-ਬੂਟੀ' ਰੱਖ ਦਿੱਤਾ ਗਿਆ।

ਇਸ ਵਾਰ ਪੰਜਾਬੀ-ਸਾਹਿੱਤ ਵਿੱਚ ਹਾਸ-ਰਸ ਦੇ ਮੋਢੀ ਕਵੀ 'ਸ: ਸ: ਚਰਨ ਸਿੰਘ ਸ਼ਹੀਦ' ਦੀਆਂ ਦੋ ਹਾਸ-ਕਵਿਤਾਵਾਂ ਪੇਸ਼ ਹਨ। ਇਨ੍ਹਾਂ ਵਿੱਚ ਉਨ੍ਹਾਂ ਦੇ ਵਿਅਕਤੀਆਂ ਦੇ ਚਿੱਤਰਨ ਜੋ ਆਪਣੇ ਆਪ ਸਹੇੜੀਆਂ ਧਾਰਮਕ ਤੇ ਸਮਾਜਕ ਵਲਗਣਾਂ 'ਚ ਫਸੇ, ਐਂਵੇ ਹੀ ਜ਼ਰਾ ਜ਼ਰਾ ਮਰੀ-ਖਪੀ ਜਾਂਦੇ ਹਨ!

– ਸੰਪਾਦਕ

## 1. ਖੂਹ ਦੇ ਆਸ਼ਕ

ਇਕ ਆਦਮੀ ਖ਼ੂਹ ਤੇ ਆਇਆ ਲੈ ਕੇ ਅਪਨਾ ਡੋਲ
ਪਿਆਸ ਨਾਲ ਘਬਰਾਇਆ, ਪੁੱਜਾ ਭਜ ਕੇ ਭੌਣੀ ਕੋਲ !
ਤਿਲਕ ਧਾਰੀਆ ਇਕ ਸੀ ਨੇੜੇ, ਉਸ ਫੜ ਲੀਤੀ ਡਾਂਗ
'ਉਤਰ ਅਛੂਤਾ ਇਸ ਕੂਏਂ ਤੋਂ ਮੂੰਹੋਂ ਮਾਰੀ ਚਾਂਗ !
ਦਿੱਤਾ ਕੜਕ ਉਸ ਨੇ ਉੱਤਰ 'ਖ਼ਬਰਦਾਰ, ਮੂੰਹ ਰੋਕ !
'ਨਿਕਲ ਜਾਣਗੇ ਦੰਦ, ਜੇ ਮੈਂ ਇਕ ਥਪੜ ਦਿਤਾ ਠੋਕ !
'ਖੰਨਾ–ਖਤਰੀ ਮੈਂ ਲਾਹੌਰੀਆ, ਤੂੰ ਕਿਉਂ ਕਿਹਾ ਅਛੂਤ ?
ਹੱਥ ਜੋੜ ਕੇ ਮੰਗ ਮੁਆਫ਼ੀ ਵਰਨਾ ਫੇਰੂੰ ਜੂਤ !'
ਤਿਲਕਧਾਰੀਏ ਨੇ ਹਥ ਜੋੜੇ: ਲਾਲਾ ਜੀ ਰਮ ਰਾਮ !
ਖਿਮਾਂ ਕਰੋ ਮੈਂ ਪ੍ਰੋਹਤ ਤੁਹਾਡਾ, ਹਾਂ ਗੁਲਾਮ ਬਿਨ ਦਾਮ !
'ਕ੍ਰਿਸ਼ਨ ਰੰਗ ਮੈਂ ਦੇਖ ਆਪ ਦਾ, ਕੀਤਾ ਸੀ ਸੰਦੇਹ !
'ਅਜ ਕਲ ਫਿਰਨ ਅਛੂਤ ਆਕੜੇ ਭੁਲ ਦਾ ਕਾਰਨ ਏਹ !
ਲਾਲਾ ਜੀ ਨੂੰ ਗਿਆਨ ਹੋ ਗਿਆ–'ਸੁਣ ਪੰਡਤ ਨਾਦਾਨ !
'ਊਚ-ਨੀਚ ਦੀ ਤਦ ਤਾਂ ਪੱਕੀ ਹੋਈ ਨ ਕੋ ਪਹਿਚਾਨ ?
'ਜੇ ਮੈਂ ਨੀਵੀਂ ਜਾਤੋਂ ਹੁੰਦਾ, ਫ਼ਰਕ ਤਦੋਂ ਸੀ ਕੀਹ ?
ਭਰਮ ਫਸੇ ਹੀ ਤੁਸਾਂ, ਠੋਕ ਸਨ ਦੇਣੇ ਡੰਡੇ ਵੀਹ !
ਓਹੋ ਮੈਂ ਹਾਂ, ਓਹੋ ਡੋਲ ਹੈ, ਓਹੋ ਲੱਜ, ਓਹ ਖੂਹ !
'ਜੇ ਮੈਂ ਹੁੰਦਾ ਨੀਵੀਂ ਜਾਤੋਂ, ਤੂੰ ਲੈਣਾ ਸੀ ਧੂਹ !
ਲੱਖ ਲਾਨ੍ਹਤ ਇਸ ਮੂਰਖਤਾ ਤੇ, ਫੜ ਬੇ-ਮਤਲਬ ਖ਼ਿਆਲ !
'ਅਪਨੇ ਕ੍ਰੋੜਾਂ ਵੀਰਾਂ ਉੱਤ, ਜ਼ੁਲਮ ਕਰੋ ਬਲ ਨਾਲ !
'ਉਸੇ ਪੌਣ ਵਿਚ ਸਾਹ ਉਹ ਲੈਂਦੇ ਉਸੇ ਨੰਦੀ ਵਿਚ ਨ੍ਹਾਣ !
'ਜੇ ਉਹ ਭਿਟੀਆਂ ਜਾਵਣ ਨਾਹੀਂ, ਖੂਹ ਕਿਉਂ ਭਿੱਟੇ ਜਾਣ !
'ਰੱਬ ਦਾ ਜਲ ਤੇ ਰੱਬ ਦੀ ਧਰਤੀ, ਤੁਸੀਂ ਕੌਣ ਜਮਦੂਤ ?
'ਬੰਦੇ ਉਦ੍ਹੇ ਤਿਹਾਏ ਮਾਰੋ, ਕਹਿ ਕੇ ਨੀਚ-ਅਛੂਤ !
'ਕੁੱਤੇ ਚੜ੍ਹ ਕੇ ਖੂਹਾਂ ਉੱਤੇ, ਗੰਦ ਖਿਲਾਰਨ ਨਿੱਤ !
'ਪਰ ਜੇ ਕਾਲਾ ਬੰਦਾ ਵੇਖੋ, ਸੜੇ ਤੁਹਾਡਾ ਚਿੱਤ !
ਜੇ ਹੋ ਐਡੇ ਆਸ਼ਕ ਖੂਹ ਦੇ, ਖੂਹ ਹਿਤ ਤੜਫੇ ਰੂਹ !
'ਤਦ 'ਸੁਥਰੇ' ਦੀ ਗੱਲ ਮੰਨ ਲੋ, ਡੁੱਬ ਮਰੋ ਵਿਚ ਖੂਹ !

## 2. ਸੜੂ

ਪੁੱਤ ਦੇ ਸਾਹੁਰੇ ਜਾਣ ਲਈ ਮੈਂ ਰੇਲ ਗਡੀ ਵਿਚ ਚੜ੍ਹਿਆ
ਭਲਾ ਲੋਕ ਇਕ ਬੈਠਾ ਸੀ ਓਹ ਬਿਨ ਕਾਰਨ ਹੀ ਸੜਿਆ
ਲੰਮੀ, ਚੌੜੀ, ਖੁਲ੍ਹੀ ਗੱਡੀ ਬੇਠਣ ਜਿਸ ਵਿਚ ਚਾਲੀ
ਕੱਲਾ ਸੀ ਓਹ ਡਟਿਆ ਹੋਇਆ, ਕਾਕੇ ਤਾਈਂ ਸੰਭਾਲੀ
ਮੇਰੇ ਬੈਠਣ ਨਾਲ ਓਸ ਨੂੰ ਖ਼ਬਰੇ ਕੀ ਦੁਖ ਪੁੱਜਾ !
ਮੱਥਾ ਹੋਇਆ ਠੀਕਰੀਆਂ, ਤੇ ਮੂੰਹ ਸੁਜ ਹੋਇਆ ਕੁੱਜਾ !
ਮੈਂ ਉਸ ਨੂੰ ਖ਼ੁਸ਼ ਕਰਨ ਲਈ, ਕਾਕੇ ਨੂੰ ਪੁਚ ਪੁਚ ਕੀਤਾ
ਪਰ ਉਸ ਉਲਟਾ ਲ਼ਾਲ ਅੱਖਾਂ ਕਰ, ਘੁੱਟ ਲਹੂ ਦਾ ਪੀਤਾ
ਫਿਰ ਭੀ ਮੈਂ ਦਿਲ ਤਕੜਾ ਕਰਕੇ,ਪ੍ਰਸ਼ਨ ਪੁੱਛਿਆ ਸਾਦਾ: –
'ਲਾਲਾ ਜੀ ! ਏਹ ਥੋਡਾ ਪੁਤ ਹੈ ਸੁੰਦਰ ਸਾਹਿਬਜ਼ਾਦਾ ?'
ਹਲਕੇ ਕੁਤੇ ਵਾਂਗ ਭੁੜਕ ਕੇ, ਦਿੱਤਾ ਉਸ ਨੇ ਉੱਤਰ:–
'ਜੇ ਏਹ ਮਿਰਾ ਨਹੀਂ ਤਾਂ ਕੀ ਹੈ ਤੇਰੇ ਬਾਪ ਦਾ ਪੁਤਰ ?'
ਹੋ ਕੇ ਢੀਠ ਕਿਹਾ ਮੈਂ 'ਕਾਕਾ ਹੈ ਅਤਿ ਬੀਬਾ ਸੋਹਣਾ'
ਕਹਿਣ ਲਗਾ' ਕੀ ਲਾਕੇ ਨਜ਼ਰਾਂ, ਰੂਪ ਇਦ੍ਹਾ ਈ ਖੋਹਣਾ ?'
ਮੈਂ ਫਿਰ ਕਿਹਾ'ਵਾਹਿਗੁਰੂ ਬਖਸ਼ੇ,ਨਜ਼ਰ ਕੋਈ ਕਿਉਂ ਲਾਵੇ ?'
ਰਾਜ਼ੀ ਰਹੇ, ਜਵਾਨੀ ਮਾਣੇ, ਸੁਖ ਸੰਸਾਰਕ ਪਾਵੇ !'
ਕਿਹਾ ਪਰਤ ਉਸ 'ਕਿਸੇ ਹੋਰ ਦੀ, ਖਾਣੀ ਨਹੀਂ ਇਸ ਖੱਟੀ !
'ਭੋਗੇ ਯਾ ਨਾ ਭੋਗੇ ਐਸ਼ਾਂ ਤੈਨੂੰ ਕੀ ਹੈ ਚੱਟੀ ?'
ਕਿਹਾ ਸਨਿੰਮ੍ਰ 'ਬੱਚਾ ਹੈ ਇਕ ਜੈਸਾ ਹਮਰਾ ਤੁਮਰਾ
'ਮੈਂ ਕਿਉਂ ਬੁਰਾ ਏਸ ਦਾ ਚਿਤਵਾਂ ? ਭੋਗੇ ਵੱਡੀ ਉਮਰਾ !'
ਘੁਰਕ ਕਿਹਾ ਉਸ 'ਪਰੇ ਬੈਠ ਤੁਧ ਕਿਹਾਂ ਨ ਇਸ ਮਰ ਜਾਣਾ
'ਕਾਂ ਦੇ ਕਿਹਾਂ ਢੋਰ ਨਹੀਂ ਮਰਦੇ ਹੁੰਦਾ ਰਬ ਦਾ ਭਾਣਾ !'
ਫਿਰ ਨ ਹਿੰਮਤ ਪਈ ਸੜੂ ਸੰਗ, ਗੱਲ ਨਾ ਕੋਈ ਕੀਤੀ
'ਸੁਥਰੇ' ਬਚਨ ਬਨੌਣੇ 'ਕੁਥਰੇ' ਏਹ ਸੜੂਆਂ ਦੀ ਰੀਤੀ !

---

ਸ: ਸ: ਚਰਨ ਸਿੰਘ ਸ਼ਹੀਦ ਦਾ ਕਾਵਿ-ਸੰਗ੍ਰਹਿ

**ਬਾਦਸ਼ਾਹੀਆਂ**

MISTRY'S AUTOMOTIVE

519 S.W. Marine Drive, Vancouver, B.C.

---

Complete Automotive Service

Automatic Transmission and Engine Overhauling

Pulser Scope Tune Up

Gas and Arc Welding

Reasonable Rates to Suit Your Budget

ENQUIRE ABOUT OUR TUNE-UP SPECIAL

PHONE : 324-2333

# ਮਿਸਤਰੀਜ' ਆਟੋਮੋਟਿਵ

## 519 ਸਾਊਥ ਵੈੱਸਟ ਮੇਰੀਨ ਡਰਾ:
## ਵੈਨਕੋਵਰ, ਬੀ. ਸੀ.

ਆਪਣੀਆਂ ਕਾਰਾਂ ਤੇ ਟਰੱਕਾਂ ਦੀ ਹਰ ਕਿਸਮ ਦੀ
ਤਸੱਲੀ-ਬਖ਼ਸ਼ ਮੁਰੰਮਤ; ਆਟੋਮੈਟਿਕ ਟਰਾਂਸਮਿਸ਼ਨ,
ਇੰਜਨ ਨੂੰ ਓਵਰ-ਹਾਲ ਕਰਵਾਉਣ; ਟਿਊਨ ਅਪ; ਗੈਸ
ਤੇ ਆਰਕ ਵੈੱਲਡਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ!

ਤੁਹਾਡੇ ਬੱਜਟ ਮੁਤਾਬਕ ਵਾਜਬ ਰੇਟ ਤੇ ਟਿਊਨ ਅਪ ਸਪੈਸ਼ਲ ਸੇਵਾ
ਦੀ ਜਾਣਕਾਰੀ ਲਈ ਸਾਨੂੰ ਮਿਲੋ ਜਾਂ ਚਿੱਠੀ ਲਿਖੋ ਜਾਂ ਫ਼ੋਨ ਕਰੋ!

ਟੈਲੀਫ਼ੋਨ: ੩੨੪-੨੩੩੩

---

MELTON REAL ESTATE (B.C.) LTD

FORMERLY A.E. AUSTIN & CO. LTD.

# ਹਰਪਾਲ ਤੂਰ

## HARPAL TOOR

1435 KINGSWAY
VANCOUVER 12, B. C.

OFF. 879-7571
RES. 524-9848

*B. C.'s First Computerized Real Estate Service*



ਕੀ ਤੁਸੀਂ
ਕਿਸੇ ਪ੍ਰਕਾਰ ਦੀ ਜਾਇਦਾਦ ਖ਼ਰੀਦਣ ਜਾਂ ਵੇਚਣ ਦਾ
ਵਿਚਾਰ ਰੱਖਦੇ ਹੋ ?

●

ਮੈਲਟਨ ਰੀਅਲ ਇਸਟੇਟ (ਬੀ.ਸੀ.) ਵੱਲੋਂ
ਹਰਪਾਲ ਤੂਰ
ਦੀ ਮੁਸਕਰਾਹਟ ਤੁਹਾਡਾ ਇੰਤਜ਼ਾਰ ਕਰ ਰਹੀ ਹੈ।

---

GOYAL TRAVELS

| Associate Office: | 4160 Fraser St. | Associate Office: |
|---|---|---|
| Moga (Panjab) | Vancouver 10 | Court Rd. Jagraon (Panjab) |
| Phone: 798 | Phone: (604) 872-7658 | Phone: 252 |

Seattle/Delhi/Via London (return)
For 120 Days : $625.00

We can give you lowest fares for
India, England, Fiji and around the world

ਬੀ.ਸੀ. ਵਿੱਚ ਇਹੋ ਇਕ ਟਰੈਵਲ ਏਜੰਸੀ ਹੈ, ਜਿਸਦੇ ਦਫ਼ਤਰ ਮੋਗਾ, ਜਗਰਾਓਂ
ਅਤੇ ਦਿੱਲੀ ਵਿੱਚ ਹਨ। ਪਾਸਪੋਰਟ, ਵੀਜ਼ਾ, ਪੀ-ਫ਼ਾਰਮ ਦਾ ਸਾਰਾ ਕੰਮ
ਛੇਤੀ ਤੇ ਜ਼ਿੰਮੇਵਾਰੀ ਨਾਲ ਕਰਦੇ ਹਨ!

ਇਸ ਅੰਕ ਦਾ ਨਾਵਲ

# ਲਹੂ ਮਿੱਟੀ

(ਸੰਤ ਸਿੰਘ ਸੇਖੋਂ)

ਆਪਣੇ ਇੱਕੋ-ਇੱਕ ਨਾਵਲ ਵਿੱਚ ਸੇਖੋਂ ਨੇ ਉਸ ਸਮੇਂ ਦੀ ਸਮਾਜਕ ਤੇ ਆਰਥਿਕ ਸਥਿਤੀ ਨੂੰ ਉਲੀਕਿਆ ਹੈ ਜਦੋਂ ਵੀਹਵੀਂ ਸਦੀ ਦੀ ਪਹਿਲੀ-ਚੁਥਾਈ ਵਿੱਚ ਭਾਰਤੀ ਲੋਕ ਅੰਗ੍ਰੇਜ਼ ਸਾਮਰਾਜ ਦੀ ਗੁਲਾਮੀ ਦਾ ਜੂਲਾ ਲਾਹ ਸੁੱਟਣ ਲਈ ਤਰਲੋ-ਮੱਛੀ ਹੋ ਰਹੇ ਸਨ।

ਪਹਿਲਾ ਮਹਾਂ-ਯੁੱਧ, 'ਪਗੜੀ ਸੰਭਾਲ ਜੱਟਾ' ਲਹਿਰ, ਅਕਾਲੀ ਲਹਿਰ, ਨੌਜਵਾਨਾਂ ਦੇ ਇੱਕਾ-ਦੁੱਕਾ ਅਫਸਰਾਂ ਦੇ ਕਤਲ, ਨੌਜਵਾਨ ਭਾਰਤ ਸਭਾ ਤੇ ਕਾਂਗਰਸ ਆਦਿਕ ਰਾਜਨੀਤਕ ਸਰਗਰਮੀਆਂ ਦਾ ਅਨਪੜ੍ਹ ਤੇ ਭੋਲੀ ਭਾਲੀ ਆਮ ਭਾਰਤੀ ਜਨਤਾ ਤੇ ਅਸਰ; ਪੁਲੀਸ ਤੇ ਉਸਦੇ ਬੂਟ-ਚੱਟਾਂ ਦੀਆਂ ਆਮ ਜਨਤਾ ਨਾਲ ਵਧੀਕੀਆਂ; ਮਹਿੰਗਾਈ, ਗਰੀਬੀ ਤੇ ਦੂਹਰੀ-ਤੀਹਰੀ ਗੁਲਾਮੀ ਹੇਠ ਪਿਸ ਰਹੇ ਗਰੀਬ ਮੁਜ਼ਾਰਿਆਂ ਦੀ ਦੁਰਦਸ਼ਾ ਨੂੰ ਸੇਖੋਂ ਨੇ ਨਾਵਲ ਦੇ ਇਤਿਹਾਸਕ-ਚਿੱਤਰਪਟ ਤੇ ਪ੍ਰਭਾਵਸ਼ਾਲੀ ਢੰਗ ਨਾਲ ਉਲੀਕਿਆ ਹੈ।

'ਸ਼ਹੀਦ ਭਗਤ ਸਿੰਘ' ਨਾਂ ਦਾ 19 ਵਾਂ ਕਾਂਡ, ਭਗਤ ਸਿੰਘ ਤੇ ਉਸਦੇ ਸਾਥੀਆਂ ਰਾਹੀਂ ਸਾਂਡਰਸ ਦੇ ਕਤਲ ਤੇ ਰੌਸ਼ਨੀ ਪਾਉਂਦਾ ਹੋਇਆ ਇਸ ਗੱਲ ਵੱਲ ਸੰਕੇਤ ਪਾਉਂਦਾ ਹੈ ਕਿ ਕਿਵੇਂ ਨਿੱਜੀ ਹਿਤਾਂ ਲਈ ਮੱਧ-ਸ਼੍ਰੇਣੀ, ਵਿਓਪਾਰੀ-ਉਦਯੋਗੀ ਰਾਜਸਿਆਸਤੀਆਂ-ਨੇਤਾਵਾਂ ਤੇ ਸਰਮਾਏਦਾਰ ਗਾਂਧੀ ਤੇ ਕਾਂਗਰਸ ਦੇ ਅਹਿੰਸਾਵਾਦੀ ਰਾਹ ਨਾਲ ਜੁੜ ਰਹੇ ਸਨ ਜਦਕਿ ਪੜ੍ਹੇ ਲਿਖੇ ਨੌਜਵਾਨ ਰੂਸੀ ਇਨਕਲਾਬ ਤੋਂ ਪ੍ਰਭਾਵਤ ਹੋਕੇ ਗਰੀਬ, ਮਜ਼ਦੂਰ ਤੇ ਆਮ ਜਨਤਾ ਸਾਹਵੇਂ ਹਥਿਆਰਬੰਦ-ਇਨਕਲਾਬ ਦਾ ਰਾਹ ਪੇਸ਼ ਕਰਦੇ ਹੋਏ, ਅੱਗੇ ਵਧਕੇ ਨਿਸ਼ਕਾਮ-ਕੁਰਬਾਨੀਆਂ ਦੇ ਰਹੇ ਸਨ।

(ਸੰਪਾਦਕ)

## ੧੯. ਸ਼ਹੀਦ ਭਗਤ ਸਿੰਘ

ਮਦਨ, ਭਾਰਤੀ ਨੌਜਵਾਨਾਂ ਦੇ ਆਦਰਸ਼ਕ ਆਗੂ, ਭਗਤ ਸਿੰਘ ਨੂੰ ਇਕ ਮਿੰਟ ਦੀ ਦੇਰ ਹੋ ਜਾਣ ਕਰਕੇ ਵੇਖ ਨਾ ਸਕਿਆ। ਪੁਲੀਸ ਦੇ ਡਿਸਟ੍ਰਿਕਟ ਹੈਡ ਕੁਆਰਟਰਾਂ ਦੇ ਸਾਹਮਣੇ, ਅੰਗਰੇਜ਼ ਪੁਲੀਸ ਅਫ਼ਸਰ ਸਾਂਡਰਸ ਨੂੰ ਗੋਲੀ ਮਾਰ ਕੇ, ਤਿੰਨ ਨੌਜਵਾਨ ਦਇਆ ਨੰਦ ਕਾਲਜ ਦੇ ਹੋਸਟਲਾਂ ਦੇ ਸਿਹਨ ਲਾਗੋਂ ਦੀ ਨੱਠ ਕੇ ਲੰਘ ਰਹੇ ਸਨ। ਉਹਨਾਂ ਦਾ ਪਿਛਾ ਹਵਾਲਦਾਰ ਚੰਨਣ ਸਿੰਘ ਕਰ ਰਹਿਆ ਸੀ, ਜਿਸ ਵਿਚ ਕਰਤੱਵ ਪਾਲਣ ਦੀ ਭਾਵਨਾ ਕੰਮ ਕਰ ਰਹੀ ਸੀ ਅਤੇ ਇਕ ਸੁਘੜ ਜਨਤਕ ਕਰਮਚਾਰੀ ਲਈ ਇਹੋ ਕੁਝ ਹੀ ਸ਼ੋਭਦਾ ਸੀ। ਉਸ ਨੂੰ ਰੋਕਣ ਲਈ ਵੀ ਦੋ ਗੋਲੀਆਂ ਠੰਢੀਆਂ ਕਰਨੀਆਂ ਪਈਆ। ਕਾਲਜ ਹੋਸਟਲਾਂ ਦੇ ਪਿਛਵਾੜੇ ਇਕ ਤੰਗ ਜਿਹੀ ਗਲੀ ਸੀ ਜੋ ਇਕ ਬੰਨੇ, ਖਾਲਸਾ ਹੋਸਟਲ ਨੂੰ ਜਾਂਦੀ ਸੀ, ਜਿਥੇ ਮਦਨ ਆਪਣੀ ਬੀ. ਏ, ਦੀ ਪੜ੍ਹਾਈ ਦੇ ਅੰਤਮ ਸਾਲ ਵਿਚ ਪੜ੍ਹ ਰਹਿਆ ਸੀ ਅਤੇ ਦੂਜੇ ਬੰਨੇ ਇਹ ਗਲੀ ਬਾਹਰ ਕਮਾਦ ਤੇ ਕਪਾਹ ਦੇ ਖੇਤਾਂ ਨੂੰ ਦਲੀ ਜਾਂਦੀ ਸੀ, ਜੋ ਇਹਨਾਂ ਲੱਕਾ ਦੇ ਪੌਧਿਆਂ ਨੂੰ ਬਚ ਕੇ ਨੱਠਣ ਲਈ ਕਾਫ਼ੀ ਹਦ ਤਕ ਸਹਾਈ ਹੋ ਸਕਦੇ ਸਨ, ਭਾਵੇਂ ਕਾਨੂੰਨ ਉਹਨਾਂ ਨੂੰ ਦੋਸ਼ੀ ਹੀ ਸਮਝਦਾ ਸੀ। ਇਹਨਾਂ ਦੋਹਾਂ ਕੋਲ ਇਕੋ ਹੀ ਸਾਈਕਲ ਸੀ। ਜਿਧਰੋਂ ਇਸ ਸਮੇਂ ਮਦਨ ਦੇ ਹੋਸਟਲ ਦਾ ਇਕ ਸਾਥੀ ਤੇ ਦੋ ਹੋਰ ਵਿਦਿਆਰਥੀ ਲੰਘੇ। ਇਹਨਾਂ ਕੋਲ ਵੀ ਇਕ ਸਾਈਕਲ ਸੀ, ਜੋ ਤਿੰਨਾ ਦੇ ਦੜ੍ਹਨ ਲਈ ਕਾਫ਼ੀ ਨਹੀਂ ਸੀ। ਮਦਨ ਦਾ ਸਾਥੀ ਉਸ ਨੂੰ ਰੇੜ੍ਹੀ ਲਿਜਾ ਰਿਹਾ ਸੀ। ਭਗਤ ਸਿੰਘ ਤੇ ਉਸ ਦੇ ਸਾਥੀ ਦਾ ਇਹ ਖਿਆਲ ਸੀ ਕਿ ਸਾਈਕਲ ਇਹਨਾਂ ਦੇ ਤਾਂ ਕੰਮ ਨਹੀਂ ਆ ਰਹਿਆ ਪਰ ਜੇ ਉਹ ਲੈ ਲੈਣ ਤਾਂ ਉਸ ਉਤੇ ਉਹ ਆਰਾਮ ਨਾਲ ਬੱਚ ਨਿਕਲਣਗੇ। ਉਹਨਾਂ ਨੇ ਸਾਈਕਲ ਨੂੰ ਜ਼ੋਰ ਦੀ ਝਪਟਾ ਮਾਰਿਆ। ਪਰ ਉਸ ਵਿਦਿਆਰਥੀ ਨੇ ਸਾਈਕਲ ਨੂੰ ਘੁਟ ਕੇ ਫੜਿਆ ਹੋਇਆ ਸੀ, ਅਤੇ ਉਸ ਨੂੰ ਇਸ ਗਲ ਦਾ ਚਿੱਤ ਚੇਤਾ ਨਹੀਂ ਸੀ ਕਿ ਉਸ ਦੇ ਆਪਣੇ ਆਪ ਤੋਂ ਵਧੇਰੇ ਵੀ ਇਹ ਕਿਸੇ ਲਈ ਲਾਭਦਾਇਕ ਹੋ ਸਕਦਾ ਹੈ। ਜੇ ਉਹਨਾਂ ਨੂੰ ਇਹ ਪਤਾ ਲਗ ਜਾਂਦਾ ਕਿ ਸਾਈਕਲ ਖੋਹਣ ਵਾਲੇ ਨੌਜਵਾਨ ਅੰਗਰੇਜ ਪੁਲਸ ਅਫ਼ਸਰ ਦੇ ਕਾਤਿਲ ਸਨ, ਤਾਂ ਉਹ ਹੱਸ ਕੇ ਸਾਈਕਲ ਨੂੰ ਉਹਨਾਂ ਦੇ ਹਵਾਲੇ ਕਰ ਦਿੰਦੇ। ਇਹ ਗਲ ਵੇਖ ਕੇ, ਕਿ ਉਹਨਾਂ ਦੇ ਦੇਸ਼ਵਾਸੀ ਕਿਣਨੇ ਨਿਰ-ਸਹਾਇਕ ਹਨ, ਭਗਤ ਸਿੰਘ ਤੇ ਉਸ ਦੇ ਸਾਥੀ ਨੇ ਸਾਈਕਲ ਛੱਡ ਦਿਤਾ ਅਤੇ ਆਪਣੇ ਇਕੋ ਸਾਈਕਲ ਉਤੇ ਹੀ ਹੋ ਤੁਰੇ। ਕੁਝ ਪਲ ਪਿਛੋਂ ਹੀ ਮਦਨ ਗਲੀ ਵਿਚ ਆ ਗਿਆ ਤੇ ਉਸ ਨੂੰ ਸਾਰੀ ਵਾਰਤਾ ਦੱਸੀ ਗਈ। ਹੁਣ ਪਿਛਾ ਕਰਨ ਵਾਲੀ ਪੁਲੀਸ ਦੀ ਪਾਰਟੀ ਵੀ ਪਹੁੰਚ ਚੁਕੀ ਸੀ ਤੇ ਉਹਨਾਂ ਕੋਲੋਂ ਪਤਾ ਲਗਾ, ਕਿ ਇਹ ਹਿੰਦੁਸਤਾਨੀ ਸੂਰਮੇ ਛੋਟੇ ਪੁਲਸ ਕਪਤਾਨ, ਸਾਂਡਰਸ ਤੇ ਉਸ ਦੇ ਨਿਜੀ ਸਹਾਇਕ ਹਵਾਲਦਾਰ ਚੰਨਣ ਸਿੰਘ ਨੂੰ ਗੋਲੀਆਂ

ਮਾਰ ਕੇ ਪਾਰ ਬੁਲਾ ਗਏ ਸਨ।

ਮਦਨ ਇਹ ਅਨੁਭਵ ਕਰ ਰਹਿਆ ਸੀ, ਕਿ ਉਹ ਕੇਵਲ ਉਸ ਬਹਾਦਰ ਨੂੰ ਵੇਖ ਹੀ ਨਹੀਂ ਸੀ ਸਕਿਆ, ਜਿਸ ਬਾਰੇ ਪਿਛੋਂ ਦੋ ਸਾਲ ਏਨੀ ਚਰਚਾ ਹੁੰਦੀ ਰਹੀ, ਸਗੋਂ ਉਹ ਉਸ ਦੇ ਬੀਰ ਜੱਥੇ ਦਾ ਇਕ ਅੰਗ ਬਣਨੋਂ ਵੀ ਵਾਂਝਾ ਰਹਿਆ। ਇਹ ਬੀਰ ਘਟਨਾ ਦੇ ਵਾਪਰਨ ਸਮੇਂ ਉਸ ਨਾਲ ਹੋਈ ਜਾਣ ਪਛਾਣ ਨਾਲ ਇਕ ਨਿਖੜਵੀਂ ਚਮਕ ਉਸ ਦੇ ਜੀਵਨ ਵਿਚ ਆ ਜਾਣੀ ਸੀ। ਪਿਛਲੇ ਛੇਆਂ ਮਹੀਨਿਆਂ ਤੋਂ ਦੇਸ ਦੇ ਨੌਜਵਾਨ, ਜਲਸਿਆਂ ਵਿਚ ਨਾਹਰੇ ਲਾਉਂਦੇ ਆਏ ਸਨ, ਕਿ ਲਾਲਾ ਲਾਜਪਤ ਰਾਏ ਦੀ ਹੱਤਿਆ ਦਾ ਬਦਲਾ, ਮਹਾਤਮਾ ਗਾਂਧੀ ਜੀ ਦੇ ਅਹਿੰਸਾਵਾਦੀ ਢੰਗਾਂ ਨਾਲ ਨਹੀਂ ਲੈਣਾ, ਸਗੋਂ "ਖ਼ੂਨ ਦਾ ਬਦਲਾ ਖ਼ੂਨ" ਦੇ ਸਿਧਾਂਤ ਨਾਲ ਲੈਣਾ ਹੈ—ਇਸ ਲਈ ਇਹ ਖੁਸ਼ੀ ਦੀ ਗੱਲ ਸੀ ਕਿ ਹੁਣ ਉਸ ਨਾਹਰੇ ਨੂੰ ਅਮਲੀ ਰੂਪ ਦੇ ਦਿਤਾ ਗਿਆ ਸੀ। ਉਸ ਦੇ ਦੇਸ਼ ਦੇ ਨੌਜਵਾਨਾਂ ਨੇ ਇਕ ਵਾਰ ਤਾਂ ਇਹ ਸਿਧ ਕਰ ਦਿਤਾ ਸੀ ਕਿ ਉਹ ਕੇਵਲ ਫੜਾਂ ਮਾਰਨ ਵਾਲੇ ਹੀ ਨਹੀਂ ਸਨ। ਕੁਝ ਮਹੀਨੇ ਪਹਿਲਾ ਹੀ, ਜਦੋਂ ਹਰੀ ਕਿਸ਼ਨ ਨੂੰ ਗਵਰਨਰ ਮੋਂਟਮਰੋਂਸੀ ਨੂੰ ਪਾਰ ਬੁਲਾਉਣ ਵਿਚ ਅਸਫਲਤਾ ਹੋਈ ਸੀ, ਤਾਂ ਮਦਨ ਨੂੰ ਤੇ ਸਾਰੇ ਪੰਜਾਬ ਦੇ ਵਿਦਿਆਰਥੀਆਂ ਨੂੰ ਘੋਰ ਨਿਰਾਸ਼ਤਾ ਹੋਈ ਸੀ।

ਹਿੰਸਾ ਤੇ ਭੈ-ਭੀਤ ਕਰਨ ਦੀ ਨੀਤੀ! ਇਹ ਦੋ ਖ਼ਾਸ ਸਵਾਲ ਜੋ ਉਨ੍ਹਾਂ ਦਿਨਾਂ ਵਿਚ ਭਾਰਤ ਦੇ ਰਾਜਸੀ ਖੇਤਰ ਵਿਚ ਬੜੇ ਜ਼ੋਰ ਸ਼ੋਰ ਨਾਲ ਵਿਚਾਰੇ ਜਾਂਦੇ ਸਨ, ਇਨ੍ਹਾਂ ਨੂੰ ਵਿਚਾਰਨ ਤੇ ਘੋਖਣ ਲਈ ਲੋਕ ਉਤਨਾ ਹੀ ਉਤਸ਼ਾਹ ਦੱਸ ਰਹੇ ਸਨ, ਜਿਤਨਾ ਕਿ ਮਧ ਕਾਲ ਵਿਚ ਵਿਦਵਾਨ ਇਸ ਗੱਲ ਵਿਚ ਕਿ ਸੂਈ ਦੇ ਨੱਕੇ ਉਤੇ ਕਿੰਨੇ ਫਰਿਸ਼ਤੇ ਖੜੇ ਹੋ ਸਕਦੇ ਹਨ। ਅਤੇ ਇਨ੍ਹਾਂ ਪ੍ਰਸ਼ਨਾਂ ਨੂੰ ਵਿਚਾਰਨ ਦਾ ਲਾਭ ਵੀ ਉਤਨਾ ਹੀ ਸੀ।

ਮਹਾਤਮਾ ਗਾਂਧੀ ਅਹਿੰਸਾ ਦੇ ਪ੍ਰਚਾਰਕ ਸਨ। ਉਨ੍ਹਾਂ ਦੀ ਅਗਵਾਈ ਹੇਠ ਭਾਰਤ ਦੇ ਲੋਕ ਈਸਾਈ-ਮਤ ਦੇ ਪ੍ਰਸਿਧ ਸਿਧਾਂਤ ਨੂੰ ਅਮਲੀ ਜਾਮਾ ਪਹਿਨਾ ਰਹੇ ਸਨ, ਕਿ ਜੇ ਤੁਹਾਡੀ ਗੱਲ੍ਹ ਉਤੇ ਕੋਈ ਇਕ ਚੁਪੇੜ ਮਾਰਦਾ ਹੈ, ਤਾਂ ਦੂਜੀ ਗੱਲ੍ਹ ਵੀ ਉਸ ਦੇ ਅਗੇ ਹੋਰ ਮਾਰਨ ਲਈ ਕਰ ਦਿਉ। ਪਰ ਬਹੁਤ ਸਾਰੇ ਨੌਜਵਾਨਾ ਤੇ ਕਿਰਸਾਣ ਲੋਕਾਂ ਲਈ ਇਸ ਸਿਧਾਂਤ ਨੂੰ ਗ੍ਰਹਿਣ ਕਰਨਾ ਬੜਾ ਕਠਨ ਸੀ। ਉਹ ਨਿੱਤ ਦੀ ਬੇਇਜ਼ਤੀ ਨਹੀਂ ਸਨ ਸਹਾਰ ਸਕਦੇ। ਉਨ੍ਹਾਂ ਨੂੰ ਤਾਂ ਮਹਾਤਮਾ ਗਾਂਧੀ ਦੇ ਆਦਰਸ਼ਾਂ ਉਤੇ ਵੀ ਸ਼ੰਕਾ ਉਤਪੰਨ ਹੋਣ ਲਗ ਪਈ ਸੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਉਸ ਸਮੇਂ ਹਰ ਕੋਈ ਇਸ ਗਲ ਨੂੰ ਮੰਨਦਾ ਸੀ ਕਿ ਭਾਰਤ ਦੇ ਲੋਕਾ ਵਿਚ ਹਾਲੀ ਹਥਿਆਰ-ਬੰਦ ਇਨਕਲਾਬ ਦੀ ਸ਼ਕਤੀ ਨਹੀਂ ਸੀ ਆਈ, ਪਰ ਇਹ ਬਲ ਆਰੰਭ ਵਿਚ ਸਾਰੇ ਲੋਕਾ ਵਿਚ ਹੀ ਨਹੀਂ ਹੁੰਦਾ। ਇਹ ਸੰਗਰਾਮ

> ਪਿਛਲੇ ਛੇਆਂ ਮਹੀਨਿਆਂ ਤੋਂ ਦੇਸ਼ ਦੇ ਨੌਜਵਾਨ, ਜਲਸਿਆਂ ਵਿੱਚ ਨਾਹਰੇ ਲਾਉਂਦੇ ਆਏ ਸਨ, ਕਿ ਲਾਲਾ ਲਾਜਪੱਤ ਰਾਏ ਦੀ ਹੱਤਿਆ ਦਾ ਬਦਲਾ, ਮਹਾਤਮਾ ਗਾਂਧੀ ਜੀ ਦੇ ਅਹਿੰਸਾਵਾਦੀ ਢੰਗਾਂ ਨਾਲ ਨਹੀਂ ਲੈਣਾ, ਸਗੋਂ "ਖ਼ੂਨ ਦਾ ਬਦਲਾ ਖ਼ੂਨ" ਦੇ ਸਿਧਾਂਤ ਨਾਲ ਲੈਣਾ ਹੈ... ......ਇਸ ਲਈ ਇਹ ਖ਼ੁਸ਼ੀ ਦੀ ਗੱਲ ਸੀ ਕਿ ਹੁਣ ......

ਵਿਚੋਂ ਹੀ ਸਹਿਜੇ ਸਹਿਜੇ ਉਤਪੰਨ ਹੋ ਜਾਂਦਾ ਹੈ। ਆਮ ਵਿਸ਼ਵਾਸ਼ ਇਹ ਸੀ ਕਿ ਆਜ਼ਾਦੀ ਗਾਂਧੀ ਜੀ ਦੇ ਸਿਧਾਂਤਾਂ ਤੋਂ ਅੱਗੇ ਜਾ ਕੇ ਹੀ ਪ੍ਰਾਪਤ ਹੋਵੇਗੀ ਅਤੇ ਗਾਂਧੀ ਜੀ ਨਾ ਚਾਹੁੰਦੇ ਹੋਏ ਵੀ ਹਿੰਸਾਮਈ ਇਨਕਲਾਬ ਲਈ ਵਾਯੂ ਮੰਡਲ ਪੈਦਾ ਕਰ ਰਹੇ ਹਨ। ਇਸ ਗੱਲ ਦੀ ਸਗੋਂ ਲੋੜ ਸੀ ਕਿ ਆਰੰਭ ਵਿਚ ਸੁਤੰਤਰਤਾ ਦੇ ਸੰਗਰਾਮ ਦੀ ਰੂਪ-ਰੇਖਾ ਗਾਂਧੀ ਜੀ ਵਾਲੀ ਹੀ ਰਖੀ ਜਾਵੇ। ਕੁਝ ਤਾਂ ਇਥੋਂ ਤਕ ਵੀ ਕਹਿ ਦੇਂਦੇ ਸਨ ਅਤੇ ਇਹ ਗੱਲ ਹੈ ਵੀ ਕੁਝ ਹਦ ਤਕ ਸੱਚੀ ਸੀ ਕਿ ਗਾਂਧੀ ਜੀ ਦੇ ਢੰਗ ਕੇਵਲ ਉਨ੍ਹਾਂ ਸ਼੍ਰੇਣੀਆਂ ਲਈ ਹੀ ਲਾਭਦਾਇਕ ਸਨ, ਜਿਨ੍ਹਾਂ ਦੀ ਕਿ ਉਹ ਪ੍ਰਤਿਨਿਧਤਾ ਕਰਦੇ ਸਨ। ਹਥਿਆਰਬੰਦ ਇਨਕਲਾਬ ਕੇਵਲ ਕਿਰਸਾਣ ਤੇ ਮਜ਼ਦੂਰ ਸ਼੍ਰੇਣੀਆਂ ਨੂੰ ਹੀ ਲਾਭਦਾਇਕ ਸਿੱਧ ਹੋਵੇਗਾ, ਕਿ ਵਿਉਪਾਰੀ ਤੇ ਉਦਯੋਗੀ ਦਰਮਿਆਨੀਆਂ ਜਮਾਤਾਂ ਨੂੰ, ਜਿਨ੍ਹਾਂ ਦੇ ਹਿਤਾਂ ਵਿਚ, ਸ਼ਾਂਤਮਈ ਪਰਿਵਰਤਨ ਹੀ ਸਭ ਤੋਂ ਉਚਿਤ ਤੇ ਆਦਰਸ਼ਕ ਗੱਲ ਸੀ। ਬਹੁਤੇ ਜਿਹੜੇ ਇਨ੍ਹਾਂ ਵਿਚਾਰਾਂ ਦੇ ਸਨ, ਕਿਰਸਾਣ ਵਰਗ ਵਿਚੋਂ ਸਨ। ਉਹ ਇਸ ਗੱਲ ਵਿਚ ਵਿਸ਼ਵਾਸ ਰਖਦੇ ਸਨ ਕਿ ਗਾਂਧੀ ਜੀ ਦਾ ਅਹਿੰਸਾਵਾਦੀ ਢੰਗ ਅਸਫਲ ਸਿੱਧ ਹੋਵੇਗਾ ਅਤੇ ਫਿਰ ਸੰਗਰਾਮ ਦੀ ਅਗਵਾਈ ਕਿਰਸਾਣਾਂ ਦੇ ਹੱਥ ਵਿਚ ਆ ਜਾਵੇਗੀ ਜੋ ਜਨਤਾ ਨੂੰ ਹਥਿਆਰ-ਬੰਦ ਟੱਕਰ ਲੈਣ ਲਈ ਜਥੇਬੰਦ ਕਰਨਗੇ। ਇਹ ਵਿਚਾਰ ਕੇਵਲ ਰਾਸ਼ਟਰ ਵਾਦੀਆਂ ਤੇ ਕਮਿਊਨਿਸਟਾਂ ਜਾਂ ਸ਼ਹਿਰੀ ਲੋਕਾਂ ਤੇ ਪਿੰਡਾਂ ਦੇ ਕਿਰਸਾਣਾਂ ਵਿਚ ਬਹਿਸ ਤਕ ਹੀ ਨਹੀਂ ਸਨ ਪਹੁੰਚੇ, ਸਗੋਂ ਇਹਨਾਂ ਪਿਛੇ ਠੋਸ ਭਾਵ ਵੀ ਕੰਮ ਕਰ ਰਹੇ ਸਨ।

ਅਹਿੰਸਾਵਾਦ ਦਾ ਸਿਧਾਂਤ ਨੌਜਵਾਨਾਂ ਦੇ ਜੋਸ਼ ਨੂੰ ਸੰਤੁਸ਼ਟ ਨਹੀਂ ਸੀ ਕਰਦਾ। ਭਾਰਤੀ ਯੂਨੀਵਰਸਟੀਆਂ ਵਿਚ ਵਿਦਿਆਰਥੀ ਵਰਗ ਨੂੰ ਇਹ ਸੰਤੁਸ਼ਟ ਨਹੀਂ ਸੀ ਕਰਦਾ। ਇਸ ਲਈ ਕਦੀ ਕਦਾਈਂ ਕਿਸੇ ਸਮੇਂ ਕਲਕੱਤੇ ਤੇ ਕਿਸੇ ਵੇਲੇ ਲਾਹੌਰ ਕੁਝ ਤਸ਼ੱਦਦ ਵੀ ਹੋ ਜਾਂਦਾ ਸੀ। ਇਹ ਸੁਭਾਵਕ ਸੀ ਕਿ ਨੌਜਵਾਨਾਂ ਦਾ ਗਰਮ ਖ਼ੂਨ ਆਪਣੀ ਬੇਸਬਰੀ ਤੇ ਵਿਖਾਦ ਨੂੰ ਬਾਹਰ ਕਢਣ ਲਈ ਕਿਸੇ ਨਾ ਕਿਸੇ ਵੇਲੇ ਉਛਾਲਾ ਮਾਰਦਾ ਅਤੇ ਹਥਿਆਰ ਬੰਦ ਇਨਕਲਾਬ ਨੂੰ ਜਥੇਬੰਦ ਕਰਨ ਲਈ ਕਿਸੇ ਰਾਸ਼ਟਰੀ ਮਾਪ ਦੀ ਜਥੇਬੰਦੀ ਦੀ ਅਣਹੋਂਦ ਕਰਕੇ, ਕੋਈ ਇਕਾ ਦੁੱਕਾ ਤਸ਼ੱਦਦ ਦੀਆਂ ਕਾਰਵਾਈਆਂ ਵੀ ਕਰ ਗੁਜ਼ਰਦਾ।

ਅਹਿੰਸਾ ਵਿਚ ਇਕ ਮਤ ਦੇ ਰੂਪ ਵਿਚ ਵਿਸ਼ਵਾਸ਼ ਰਖਣ ਤੋਂ ਉਪਰੰਤ ਗਾਂਧੀ ਜੀ ਨੇ ਇਸ ਨੂੰ ਦੂਜੇ ਦਰਜੇ ਦੀ ਚੰਗੀ ਨੀਤੀ ਦੇ ਰੂਪ ਵਿਚ ਵੀ ਅਪਨਾਇਆ ਸੀ। ਉਹਨਾਂ ਨੇ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਤਸ਼ੱਦਦ ਨਾਲ ਕੋਈ ਵੀ ਮਸਲਾ ਹਲ ਨਹੀਂ ਹੋਵੇਗਾ। ਉਹਨਾਂ ਨੇ ਇਸ ਗੱਲ ਦੀ ਮਹੱਤਤਾ ਨੂੰ ਵੀ ਅਨੁਭਵ ਕਰ ਲਿਆ ਸੀ ਕਿ ਅਜ਼ਾਦੀ ਸੰਗਰਾਮ ਵਿਚ ਕਿਰਸਾਣ ਸ਼੍ਰੇਣੀ ਨੂੰ ਵੀ ਮਧ-ਵਰਗ ਦਾ ਸਾਥੀ ਬਨਾਣ ਦੀ ਲੋੜ ਸੀ। ਪਿਛੋਂ ਉਹਨਾਂ ਨੇ ਉਹਨਾਂ ਕਰੋੜਾਂ ਅਛੂਤਾਂ ਵਲ ਵੀ ਧਿਆਨ ਕੀਤਾ,

ਜੋ ਸਦੀਆਂ ਤੋਂ ਪਿੰਡਾਂ ਵਿਚ ਖੇਤ—ਮਜ਼ਦੂਰਾਂ ਦੇ ਰੂਪ ਵਿਚ ਕੰਮ ਕਰ ਰਹੇ ਸਨ ਅਤੇ ਜੋ ਹੁਣ ਉਦਯੋਗ ਕੇਂਦਰਾਂ ਵਿਚ ਆਉਣੇ ਸ਼ੁਰੂ ਹੋ ਗਏ ਸਨ। ਪਰੰਤੂ ਇਹਨਾ ਦੋਹਾਂ ਵਿਸ਼ਾਲ ਸ਼੍ਰੇਣੀਆਂ ਲਈ ਉਹਨਾਂ ਦੇ ਆਪਣੇ ਵਖਰੇ ਹੀ ਢੰਗ ਸਨ।

ਕਿਰਸਾਣ ਸ਼ਰੇਣੀ ਨੇ ਇਸ ਤਰ੍ਹਾਂ ਦਾ ਸੰਗਰਾਮ ਇਤਿਹਾਸ ਵਿਚ ਸ਼ਾਇਦ ਕਦੀ ਵੀ ਨਹੀਂ ਸੀ ਲੜਿਆ। ਉਸ ਦੀ ਅਸੰਤੁਸ਼ਟਤਾ ਤਾਂ ਸਦਾ ਹੀ ਹਥਿਆਰਬੰਦ ਬਗ਼ਾਵਤ ਦੇ ਰੂਪ ਵਿਚ ਪ੍ਰਗਟ ਹੁੰਦੀ ਰਹੀ ਹੈ, ਭਾਵੇਂ ਉਹ ਬਗਾਵਤ ਚੰਗੀ ਤਰ੍ਹਾਂ ਜਥੇਬੰਦ ਹੋਵੇ ਜਾਂ ਮਾੜੀ। ਅਤੇ ਅੱਜ ਵੀ ਇਹ ਗੱਲ ਸ਼ਾਇਦ ਸੌਖੀ ਤੇ ਉਹਨਾਂ ਦੇ ਭਾਂਵਾਂ ਨੂੰ ਵਧੇਰੇ ਸੰਤੁਸ਼ਟ ਕਰਨ ਵਾਲੀ ਸੀ, ਕਿ ਗਾਂਧੀ ਜੀ ਦੇ ਆਤਮ ਹੱਤਿਆ ਦੇ ਅਹਿੰਸਾਵਾਦੀ ਢੰਗਾ ਦੇ ਟਾਕਰੇ ਉਤੇ ਉਹ ਹਥਿਆਰਬੰਦ ਸੰਗਰਾਮ ਲਈ ਛੇਤੀ ਤਿਆਰ ਹੋ ਜਾਂਦੇ ਹਨ। ਬੰਦੂਕ ਹੱਥ ਵਿਚ ਲੈ ਕੇ ਲੜਦਿਆਂ ਹੋਇਆਂ ਮਰ ਜਾਣਾ, ਉਸ ਦੁਰਦਸ਼ਾ ਨਾਲੋਂ ਵਧੇਰੇ ਚੰਗਾ ਹੈ, ਜੋ ਮਾਲੀਆ ਦੇਣ ਤੋਂ ਇਨਕਾਰੀ ਹੋਣ ਵੇਲੇ ਅੱਖਾਂ ਸਾਹਮਣੇ ਘਰ ਤੇ ਡੰਗਰਾਂ ਦੀ ਕੁਰਕੀ ਨੂੰ ਵੇਖ ਕੇ ਹੁੰਦੀ ਹੈ। ਅਤੇ ਇਸ ਨਾਲ ਘਰਸਤ ਮਾਰਗ ਦੀ ਗੱਡੀ ਚਲਦੀ ਚਲਦੀ ਵੀ ਠਹਿਰ ਜਾਂਦੀ ਹੈ। ਇਸ ਲਈ ਗਾਂਧੀ ਜੀ ਦੀ ਨੀਤੀ ਉਨ੍ਹਾਂ ਦੇ ਅਨੁਕੂਲ ਨਹੀਂ ਸੀ ਪਰ ਕਿਸੇ ਆਗੂ ਦੇ ਨਾ ਹੋਣ ਕਰਕੇ, ਉਨ੍ਹਾਂ ਪਾਸ ਹੋਰ ਚਾਰਾ ਵੀ ਕੋਈ ਨਹੀਂ ਸੀ।

ਇਸ ਵਿਚ ਕੋਈ ਸੰਦੇਹ ਨਹੀਂ, ੧੯੧੭ ਦੇ ਰੂਸੀ ਇਨਕਲਾਬ ਨੇ ਸਿਧ ਕਰ ਦਿਤਾ ਹੋਇਆ ਸੀ ਕਿ ਸ਼ਸਤਰ ਬਧ ਇਨਕਲਾਬ ਦਾ ਦੌਰ ਹਾਲੀ ਖਤਮ ਨਹੀਂ ਹੋਇਆ ਸੀ ਅਤੇ ਨਾ ਹੀ ਇਹ ਦੂਰ ਭੂਤ ਦੀ ਗਲ ਸੀ। ਪਰ ਹਥਿਆਰ-ਬੰਧ ਬਗ਼ਾਵਤ ਦੇ ਟਾਕਰੇ ਉਤੇ ਰੂਸ ਦਾ ਇਨਕਲਾਬ ਇਕ ਬਹੁਤ ਵਿਸ਼ਾਲਤਾ ਗ੍ਰਹਿਣ ਕਰ ਚੁਕਾ ਸੀ ਅਤੇ ਇਵੇਂ ਹੀ ਕਿਰਸਾਣਾਂ ਦੇ ਵਿਦ੍ਰੋਹ ਤੋਂ ਇਹ ਬਹੁਤ ਵਡੇਰਾ ਸੀ। ਇਸ ਦਾ ਖੇਤਰ ਇਤਨਾ ਚੌੜਾ ਤੇ ਵਿਸ਼ਾਲ ਸੀ, ਕਿ ਭਾਰਤ ਦੇ ਕਿਰਸਾਣ ਆਗੂਆਂ ਦੀ ਕਲਪਨਾ ਇਸ ਅਗੇ ਇਕ ਭਿਖਾਰੀ ਵਾਂਗ ਚਕਤ ਹੋ ਗਈ ਸੀ। ਇਸ ਲਈ ਉਸਨਾਂ ਨੂੰ ਲੈ ਦੇ ਕੇ ਗਾਂਧੀ ਜੀ ਦਾ ਮਾਰਗ ਹੀ ਦਿਸਦਾ ਸੀ।

ਮਧ ਸ਼੍ਰੇਣੀ ਦੇ ਕਾਰ-ਵਿਹਾਰੀ ਲੋਕ ਅਮਨ ਚਾਹੁੰਦੇ ਸਨ। ਅੰਗਰੇਜ਼ ਹੁਕਮਰਾਨਾਂ ਤੋਂ ਨਿਰਾਸ਼ ਹੋਣ ਦਾ ਉਹਨਾਂ ਨੂੰ ਕੋਈ ਕਾਰਣ ਨਹੀਂ ਸੀ ਦਿਸਦਾ। ਉਹ ਇਸ ਗੱਲ ਨੂੰ ਅਨੁਭਵ ਕਰ ਰਹੇ ਸਨ, ਕਿ ਰਾਜ-ਸੱਤਾ ਦਾ ਪਰਿਵਰਤਨ ਉਹਨਾਂ ਦੇ ਹਕ ਵਿਚ ਸਹਿਜੇ ਹੋ ਰਿਹਾ ਸੀ, ਪਹਿਲਾਂ ਉਦਯੋਗ ਧੰਧੇ ਤੇ ਵਿਉਪਾਰ ਦੇ ਖੇਤਰ ਵਿਚ ਅਤੇ ਫ਼ਿਰ ਰਾਜ-ਪ੍ਰਬੰਧ ਵਿਚ ਵੀ। ਉਹਨਾਂ ਦਾ ਵਿਚਾਰ ਸੀ ਕਿ ਕਈ ਸਾਲਾਂ ਦੀ ਹਥਿਆਰਬੰਦੀ ਟਕਰ ਦੇ ਸਿਆਪੇ ਸਹੇੜਨ ਨਾਲੋਂ ਸਹਿਜੇ ਸਹਿਜੇ ਹੋ ਰਹੀ ਯਕੀਨੀ ਜਿੱਤ ਵਧੇਰੇ ਚੰਗੀ ਹੈ। ਇਤਿਹਾਸ ਦੇ ਸਾਰੇ ਸਬਕਾਂ ਨੂੰ ਭੁਲਾ ਕੇ, ਉਹ ਇਸ ਗਲ ਵਿਚ

> ਬੰਦੂਕ ਹੱਥ ਵਿਚ ਲੈ ਕੇ
> ਲੜਦਿਆਂ ਹੋਇਆਂ ਮਰ ਜਾਣਾ,
> ਉਸ ਦੁਰਦਸ਼ਾ ਨਾਲੋਂ ਵਧੇਰੇ
> ਚੰਗਾ ਹੈ, ਜੋ ਮਾਲੀਆ ਦੇਣ
> ਤੋਂ ਇਨਕਾਰੀ ਹੋਣ ਵੇਲੇ ਅੱਖਾਂ
> ਸਾਹਮਣੇ ਘਰ ਤੇ ਡੰਗਰਾਂ ਦੀ
> ਕੁਰਕੀ ਵੇਖ ਕੇ ਹੁੰਦੀ ਹੈ। ਅਤੇ
> ਇਸ ਨਾਲ......

ਵਿਸ਼ਵਾਸ ਰਖਣ ਲਗ ਪਏ ਹੋਏ ਸਨ ਕਿ ਅੰਗਰੇਜ਼ਾਂ ਵਰਗੀ ਮਹਾਨ ਤਾਕਤ ਦੇ ਸਾਹਮਣੇ ਹਥਿਆਰਬੰਦ ਇਨਕਲਾਬ ਕਾਮਯਾਬ ਨਹੀਂ ਹੋ ਸਕੇਗਾ। ਅਜਿਹਾ ਪਰਚਾਰ ਕਰਨਾ ਉਹਨਾਂ ਦੇ ਹਿਤਾਂ ਦੇ ਅਨੁਕੂਲ ਵੀ ਸੀ, ਕਿਉਂ ਜੋ ਇਸ ਗੱਲ ਦਾ ਕੋਈ ਨਿਸਚਾ ਨਹੀਂ ਸੀ, ਕਿ ਹਥਿਆਰਬੰਦ ਇਨਕਲਾਬ ਤੋਂ ਪਿਛੋਂ ਰਾਜ-ਸੱਤਾ ਕਿਸ ਸ੍ਰੇਣੀ ਦੇ ਹੱਥ ਆਵੇਗੀ। ਉਹਨਾਂ ਦੇ ਜਾਂ ਕਿਰਸਾਣ ਸ਼੍ਰੇਣੀ ਦੇ।'

ਸੋ ਤਸ਼ੱਦਦ ਦੀਆਂ ਇਕਾ ਦੁਕਾ ਕਾਰਵਾਈਆਂ ਜੋ ਕਦੀ ਕਦਾਈਂ ਹੋ ਜਾਂਦੀਆਂ, ਕਿਰਸਾਣਾਂ ਦੇ ਸੰਗਰਾਮ ਢੰਗਾਂ ਤੇ ਮਧ-ਸ਼੍ਰੇਣੀ ਦੇ ਨਵੇਂ ਢੰਗਾਂ ਵਿਚਕਾਰ ਇਕ ਚੰਗਾ ਸਮਝੌਤਾ ਸੀ। ਕਾਲਜਾਂ ਤੇ ਯੂਨੀਵਰਸਟੀਆਂ ਵਿਚ ਜਾਂ ਕੌਮੀ ਸੰਗਰਾਮ ਵਿਚ ਜਿਥੇ ਵੀ ਕਿਰਸਾਣਾਂ ਦੇ ਨੌਜਵਾਨ ਪੁਤਰਾਂ ਨੂੰ ਮੌਕਾ ਮਿਲਦਾ ਉਹ ਤਸ਼ੱਦਦ ਕਰ ਦਿੰਦੇ ਅਤੇ ਮਧ-ਸ਼੍ਰੇਣੀ ਦੇ ਲੋਕ ਉਹਨਾਂ ਦੇ ਢੰਗਾਂ ਨੂੰ ਅਣਜਾਣਾਂ ਵਾਲੇ ਤੇ ਰਾਸ਼ਟਰਵਾਦੀ ਲਹਿਰ ਦੇ ਪ੍ਰਤਿਕੂਲ ਸਿੱਧ ਕਰਦੇ। ਪਰ ਨਾਲ ਹੀ ਉਹਨਾਂ ਦੀ ਬੀਰਤਾ ਦੀ ਪ੍ਰਸੰਸਾ ਵੀ ਕਰ ਦਿੰਦੇ, ਜਿਸ ਨਾਲ ਸ਼ਾਇਦ ਬਹੁਤ ਸਾਰੇ ਲੋਕ ਸੰਤੁਸ਼ਟ ਵੀ ਹੋ ਜਾਂਦੇ।

ਭਗਤ ਸਿੰਘ ਵੀ ਕਿਰਸਾਣ ਸ੍ਰੇਣੀ ਦਾ ਹੀ ਪੁਤਰ ਸੀ। ਉਹ ਵੀ ਨਿਸਚੇ ਹੀ ਰੂਸੀ ਇਨਕਲਾਬ ਤੋਂ ਪ੍ਰਭਾਵਤ ਹੋਇਆ ਸੀ। ਪਰ ਇਸ ਇਨਕਲਾਬ ਦੀ ਗੂੰਜ ਦੂਰੋਂ ਹੀ ਉਸ ਦੇ ਕੰਨੀ ਪਈ ਸੀ। ਉਹ ਉਨ੍ਹਾਂ ਦਿਨਾਂ ਵਿਚ ਨੌਜਵਾਨ ਭਾਰਤ ਸਭਾ ਨੂੰ ਜਥੇਬੰਦ ਕਰ ਰਹਿਆ ਸੀ, ਪਰ ਇਸ ਤੋਂ ਅਗੇ ਉਹ ਕੀ ਕਰੇਗਾ ਇਸ ਗਲ ਦਾ ਹਾਲੀ ਉਹ ਨਿਰਣਾ ਨਹੀਂ ਕਰ ਸਕਿਆ ਕਿ ਪੰਜਾਬ ਦੇ ਨੌਜਵਾਨਾਂ ਨੂੰ ਟੁੰਬਣ ਵਾਲੀ ਇਕ ਘਟਨਾ ਆ ਵਾਪਰੀ। ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਉਨ੍ਹੀਂ ਦਿਨੀਂ ਇਕ ਰਾਜ ਆਯੋਗ ਕਮਿਸ਼ਨ ਭੇਜਿਆ, ਜਿਸ ਦਾ ਉਦੇਸ਼ ਇਹ ਨਿਰਣਾ ਕਰਨਾ ਸੀ ਕਿ ਹਿੰਦੁਸਤਾਨੀ ਨੀਤੀਵਾਨਾਂ, ਵਜ਼ੀਰਾਂ ਤੇ ਉਨਾਂ ਦੇ ਸਲਾਹਕਾਰਾਂ ਨੇ ਕੇਂਦਰੀ ਤੇ ਸੂਬਾਈ ਸਰਕਾਰਾਂ ਦੇ ਪ੍ਰਬੰਧ ਨੂੰ ਚਲਾਉਣ ਵਿਚ ਕਿਸ ਹਦ ਤਕ ਸਫਲਤਾ ਪ੍ਰਾਪਤ ਕਰ ਲਈ ਹੈ. ਤਾਂ ਜੋ ਆਤਮ ਸਾਸ਼ਨ ਦੇ ਇਸ ਰੂਪ ਵਿਚ ਕੁਝ ਹੋਰ ਵਾਧੇ ਉਨ੍ਹਾਂ ਦੇ ਮਸ਼ਵਰੇ ਅਨੁਸਾਰ ਕਰ ਦਿਤੇ ਜਾਣ। ਇਸ ਆਯੋਗ ਦੇ ਸਤੇ ਮੈਂਬਰ ਹੀ ਅੰਗਰੇਜ਼ ਸਨ, ਜੋ ਭਾਰਤ ਦੇ ਰਾਜਸੀ ਆਗੂਆਂ ਦੇ ਗਿਲਾ ਕਰਨ ਲਈ ਬੜਾ ਤਿਖਾ ਨੁਕਤਾ ਸੀ। ਉਨ੍ਹਾਂ ਨੇ ਇਸ ਆਯੋਗ ਦਾ ਬਾਈਕਾਟ ਕੀਤਾ ਅਤੇ ਜਿਥੇ ਵੀ ਇਹ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਗਿਆ ਉਥੇ ਉਥੇ ਹੀ ਇਸ ਵਿਰੁਧ ਮੁਜ਼ਾਹਰੇ ਹੋਏ ਅਤੇ 'ਵਾਪਸ ਜਾਓ' ਦੇ ਨਾਹਰੇ ਲਗੇ।

ਲਾਹੌਰ ਰੇਲਵੇ ਸਟੇਸ਼ਨ ਉਤੇ ਇਕ ਅਜਿਹੇ ਮੁਜ਼ਾਹਰੇ ਦੀ ਅਗਵਾਈ ਲਾਲਾ ਲਾਜਪਤ ਰਾਇ ਨੇ ਕੀਤੀ ਇਹ ਮੁਜ਼ਾਹਰਾ ਵੀ ਅਮਨ ਅਮਾਨ ਨਾਲ ਅਤੇ ਕਿਸੇ ਨਾ-ਖ਼ੁਸ਼ਗਵਾਰ ਘਟਨਾ ਦੇ ਵਾਪਰਨ ਤੋਂ ਬਿਨਾਂ ਹੀ ਖ਼ਤਮ ਹੋਣਾ ਸੀ, ਪਰ ਇਕ ਅੰਗਰੇਜ਼ ਪੁਲੀਸ ਅਫ਼ਸਰ ਦੀ ਗਲਤੀ, ਹੈਂਕੜ

ਅਤੇ ਅਣਜਾਣਤਾ ਨੇ ਅਜਿਹਾ ਨਾ ਹੋਣ ਦਿਤਾ। ਉਸ ਨੇ ਲਾਲਾ ਲਾਜਪਤ ਰਾਇ ਵਰਗੀ ਸ਼ਖਸੀਅਤ ਉਤੇ ਵਾਰ ਕਰਨੋਂ ਵੀ ਦਰੇਗ ਨਾ ਕੀਤਾ। ਕਈ ਸਾਲਾਂ ਤੋਂ ਲਾਲਾ ਲਾਜਪਤ ਰਾਇ ਪੰਜਾਬ ਵਿਚ ਕਾਂਗਰਸ ਲਹਿਰ ਦੇ ਮੁਖੀ ਤੁਰੇ ਆ ਰਹੇ ਸਨ ਅਤੇ ਉਨ੍ਹਾਂ ਲੋਕਾਂ ਨੇ, ਜੋ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਦੇ ਪਿਛਲੇ ਸਮੇਂ ਦੀ ਪਦਵੀ ਸ਼ੇਰੇ-ਪੰਜਾਬ ਨਾਲ ਸੰਤੁਸ਼ਟ ਨਹੀਂ ਸਨ, ਉਸ ਨੂੰ 'ਸ਼ੇਰੇ-ਪੰਜਾਬ' ਦੀ ਪਦਵੀ ਦੇ ਦਿਤੀ ਹੋਈ ਸੀ, ਬਾਵਜੂਦ ਉਨ੍ਹਾਂ ਲੋਕਾਂ ਦੀ ਨਾਰਾਜਗੀ ਦੇ ਜੋ ਇਹ ਸਮਝਦੇ ਸਨ ਕਿ ਇਸ ਨਾਲ ਪੰਜਾਬ ਦੀ ਇਕ ਇਤਿਹਾਸਕ ਹਸਤੀ ਦਾ ਅਪਮਾਨ ਹੁੰਦਾ ਸੀ।

ਇਸ ਘਟਨਾ ਤੋਂ ਇਕ ਹਫਤਾ ਪਿਛੋਂ ਲਾਲਾ ਲਾਜਪਤ ਰਾਇ ਦਿਲ ਦੀ ਹਰਕਤ ਬੰਦ ਹੋ ਜਾਣ ਦੇ ਕਾਰਣ ਪਰਲੋਕ ਸਿਧਾਰ ਗਏ। ਇਸ ਤੋਂ ਬਿਨਾ ਹੋਰ ਕੀ ਕਹਿਆ ਜਾ ਸਕਦਾ ਸੀ, ਕਿ ਉਹ ਪੰਜਾਬ ਦੇ ਨੌਜਵਾਨਾਂ ਦੀ ਕਾਇਰਤਾ ਤੇ ਆਤੁਰਤਾ ਦੇ ਕਾਰਣ ਲੱਜਾ ਨਾਲ ਮਰੇ ਸਨ। ਪੰਜਾਬੀ ਨੌਜਵਾਨਾਂ ਨੇ ਹੁਣ ਉਸ ਦੇ ਮਰਦਊਪੁਣੇ ਦਾ ਬਦਲਾ ਲੈਣਾ ਸੀ। 'ਖੂਨ ਦਾ ਬਦਲਾ ਖੂਨ' ਨਾਲ ਲਵਾਂਗੇ, ਇਹ ਨਾਹਰਾ ਉਨ੍ਹਾ ਨੇ ਅਪਣਾ ਲਿਆ।

ਮਦਨ ਵੀ ਇਨ੍ਹਾਂ ਸਾਰੀਆਂ ਗੱਲਾ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਿਆ ਸੀ, ਪਰ ਘਰ ਦਾ ਵਾਤਾਵਰਣ ਉਸ ਨੂੰ ਖੁਲ੍ਹ ਕੇ ਇਸ ਲਹਿਰ ਵਿਚ ਹਿੱਸਾ ਨਹੀਂ ਸੀ ਲੈਣ ਦਿੰਦਾ। ਉਹ ਇਕ ਹਦ ਅੰਦਰ ਰਹਿ ਕੇ, ਇਕ ਪ੍ਰਭਾਵਤ ਦਰਸ਼ਕ ਦੀ ਤਰ੍ਹਾਂ ਹੀ ਇਸ ਲਹਿਰ ਨੂੰ ਵੇਖ ਕੇ ਸੰਤੁਸ਼ਟ ਸੀ। ਵੈਲਜ਼ ਤੇ ਸ਼ਾਅ ਦੀਆਂ ਪੁਸਤਕਾਂ ਪੜ੍ਹ ਕੇ, ਵਿਗਿਆਨਕ ਸਮਾਜਵਾਦ ਬਾਰੇ ਉਹ ਕੁਝ ਨਾ ਕੁਝ ਜਾਣਨ ਲਗ ਪਿਆ ਸੀ ਅਤੇ ਪਿਛੋਂ ਜਾ ਕੇ ਉਸ ਨੇ ਮੈਕਮਰੀ ਦੀ ਪੁਸਤਕ 'ਸਮਾਜਵਾਦ' ਤੇ ਏਂਗਲਜ਼ ਦੀ 'ਸਮਾਜਵਾਦ ਵਿਗਿਆਨਕ ਤੇ ਆਦਰਸ਼ ਵਾਦੀ'' •ਨੂੰ ਪੜ੍ਹਿਆ ਸੀ। ਇਕ ਕਿਰਸਾਣ ਦਾ ਪੁਤਰ ਹੋਣ ਦੇ ਨਾਤੇ, ਉਸ ਦੀ ਸਹਾਨਭੂਤੀ ਵੀ ਗਾਂਧੀ ਜੀ ਦੇ ਇਸ ਮਧ-ਸ਼੍ਰੇਣੀ ਵਲੋਂ ਚਲਾਏ ਜਾ ਰਹੇ ਰਾਜਸੀ ਸੰਗਰਾਮ ਤੇ ਵਿਚਾਰਾਂ ਨਾਲ ਸੀ। ਪਰ ਹਿੰਸਾਵਾਦੀਆ ਬਾਰੇ ਤਾਂ ਉਸ ਦੇ ਵਿਚਾਰ ਕੋਈ ਬਹੁਤੇ ਉਚੇਰੇ ਨਹੀਂ ਸਨ। ਬਹੁਤ ਸਾਰੀਆਂ ਹਿੰਸਕ ਕਾਰਵਾਈਆਂ ਅਸਫਲ ਹੋਈਆਂ ਸਨ। ਉਹ ਲੋਕ ਉਨ੍ਹਾਂ ਉਚਅਧਿਕਾਰੀਆਂ ਨੂੰ ਬਿਲੇ ਲਾਉਣ ਵਿਚ ਸਫਲ ਨਹੀਂ ਹੋਏ ਸਨ ਜਿਨ੍ਹਾਂ ਨੂੰ ਕਿ ਉਨ੍ਹਾਂ ਨੇ ਨਿਸ਼ਾਨਾ ਬਣਾਇਆ ਸੀ। ਉਸ ਦਾ ਵਿਸ਼ਵਾਸ਼ ਸੀ, ਕਿ ਵਿਅਕਤੀਗਤ ਰੂਪ ਵਿਚ ਤੇ ਕੁਝ ਹਦ ਤਕ ਜਥੇਬੰਦ ਰੂਪ ਵਿਚ ਵੀ, ਤਸ਼ੱਦਦ ਦੀਆਂ ਕਾਰਵਾਈਆਂ ਨੂੰ ਰਾਜਸੀ ਖੇਤਰ ਵਿਚ ਇਤਨਾ ਲੁਕਾ ਕੇ ਤੇ ਸੀਮਤ ਰਖਣਾ ਪੈਂਦਾ ਹੈ ਕਿ ਉਨ੍ਹਾਂ ਨੂੰ ਯੋਗ ਭਾਂਤ ਜਥੇਬੰਦ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਕਦੀ ਹਥਿਆਰਾਂ ਨੂੰ ਪਹਿਲਾਂ ਚਲਾ ਕੇ ਨਹੀਂ ਵੇਖਿਆ ਹੁੰਦਾ ਅਤੇ ਕਦੀ ਉਸ ਉਚ-ਅਧਿਕਾਰੀ ਨੂੰ ਮਾਰਨ ਦਾ ਸਮਾਂ ਯੋਗ ਨਹੀਂ ਚੁਣਿਆ ਹੁੰਦਾ ਅਤੇ ਇਉਂ ਕਿਸੇ ਇਕ ਜਾਂ ਦੂਜੇ ਕਾਰਣ ਦਹਿਸ਼ਤ-ਪਸੰਦਾਂ ਦੇ ਯਤਨ ਅਸਫਲ ਰਹਿ

ਧਰਮ ਕੌਰ ਦਾ ਦਿਲ ਇਸ
ਘਟਨਾ ਨਾਲ ਪਸੀਜ ਗਿਆ
ਸੀ। ਜਦੋਂ ਉਸਨੇ ਭਗਤ
ਸਿੰਘ ਦੇ ਫਾਂਸੀ ਚੜ੍ਹਨ ਬਾਰੇ
ਸੁਣਿਆ ਤਾਂ ਉਹ ......

..ਇਕ ਘੰਟੇ ਦੇ ਅੰਦਰ ਸਾਰੇ
ਲਾਹੌਰ ਵਿੱਚ ਖਬਰਾਂ ਫੈਲ ਗਈਆਂ
ਸਨ।

ਜਾਂਦੇ ਹਨ।

ਹਾਲੀ ਉਸ ਨੇ ਲੈਨਿਨ ਨਹੀਂ ਸੀ ਪੜ੍ਹਿਆ ਤੇ ਭਾਰਤ ਵਿਚ ਸ਼ਸਤਰਬੰਦ ਇਨਕਲਾਬ ਦੀ ਸੰਭਾਵਨਾ ਬਾਰੇ ਉਸ ਦੀ ਸੂਝ ਇਤਨੀ ਹੀ ਅਣਜਾਣ ਤੇ ਕੋਰੀ ਸੀ ਜਿੰਨੀ ਕਿ ਭਾਰਤ ਵਿਚ ਉਸ ਸਮੇਂ ਬਹੁਤ ਸਰੇ ਲੋਕਾਂ ਦੀ।

ਭਗਤ ਸਿੰਘ ਨੂੰ ਪ੍ਰਸੰਸਾ ਯੋਗ ਸਫਲਤਾ ਹੋਈ ਸੀ। ਇਹੋ ਹੀ ਇਕ ਕਾਰਣ ਸੀ, ਕਿ ਨੌਜਵਾਨਾਂ, ਅਧਖੜ ਉਮਰ ਦਿਆਂ ਵਪਾਰੀਆਂ ਤੇ ਪਿੰਡਾਂ ਦੇ ਕਿਰਸਾਣਾਂ ਤੇ ਦੂਜੇ ਲੋਕਾਂ ਨੇ ਉਸ ਨੂੰ ਯੋਧਾ ਤੇ ਬੀਰ ਬਹਾਦਰ ਬਣਿਆ। ਦੂਜਾ ਉਹ ਕਿਸੇ ਦਾਰਸ਼ਨਿਕ ਸਿਧਾਂਤਾਂ ਨੂੰ ਸਾਹਮਣੇ ਰਖ ਕੇ ਵੀ ਕੰਮ ਕਰ ਰਹਿਆ ਸੀ। ਆਪਣੇ ਮੁਕੱਦਮੇ ਸਮੇਂ ਜੋ ਦਲੀਲਾਂ ਉਸ ਨੇ ਅਦਾਲਤ ਵਿਚ ਆਪਣੇ ਪੱਖ ਤੋਂ ਦਿਤੀਆਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿਤਾ। ਪਿਛੋਂ ਜਾ ਕੇ ਦਮਿਤ੍ਰੋਵ ਨੇ ਨਾਜ਼ੀਆਂ ਦੀ ਕਚਹਿਰੀ ਵਿਚ ਤੇ ਲਿਊ ਬਲੂਮ ਨੇ ਵਿਸ਼ੀ (Vichy) ਅਦਾਲਤ ਵਿਚ ਜੋ ਬਿਆਨ ਦਿਤੇ ਉਹ ਭਗਤ ਸਿੰਘ ਵਰਗੇ ਹੀ ਸਨ। ਆਪਣੀਆਂ ਲਲਕਾਰਾਂ ਦੇ ਕਾਰਣ ਉਹ ਵਿਸ਼ਾਦ-ਗ੍ਰੱਸੀ (ਭਾਰਤੀ) ਜਨਤਾ ਦੀ ਆਵਾਜ਼ ਬਣ ਗਿਆ ਅਤੇ ਉਸ ਦੀ ਕੀਰਤੀ ਗਾਂਧੀ ਜੀ ਨਾਲੋਂ ਘਟ ਨਹੀਂ ਸੀ। ਇਥੋਂ ਤਕ ਕਿ ਗਾਂਧੀ ਜੀ ਵੀ, ਭਾਵੇਂ ਉਨ੍ਹਾਂ ਨੂੰ ਅਸਫਲਤਾ ਹੀ ਹੋਈ, ਲਾਰਡ ਇਰਵਨ ਨਾਲ ਗੱਲ-ਬਾਤ ਸਮੇਂ ਭਗਤ ਸਿੰਘ ਦੀ ਰਿਹਾਈ ਬਾਰੇ ਕੁਝ ਕਹਿਣ ਲਈ ਮਜਬੂਰ ਹੋ ਗਏ ਸਨ।

ਭਗਤ ਸਿੰਘ ਦੀ ਸੂਰਬੀਰਤਾ ਤੋਂ ਮਦਨ ਹੀ ਪ੍ਰਭਾਵਤ ਨਹੀਂ ਸੀ ਹੋਇਆ, ਬਿਜੈ ਸਿੰਘ ਉਤੇ ਵੀ ਇਸ ਦਾ ਚੋਖਾ ਅਸਰ ਸੀ।

''ਤੂੰ ਤਾਂ ਬਾਪੂ ਮੈਨੂੰ ਕਾਂਗਰਸ ਦਾ ਮੈਂਬਰ ਵੀ ਨਹੀਂ ਬਣਨ ਦਿੰਦਾ,'' ਮਦਨ ਨੇ ਘਰ ਵਿਚ ਆਪਣੇ ਪਿਤਾ ਨਾਲ ਗਿਲਾ ਕੀਤਾ ਸੀ।

''ਪੁੱਤ ਸਾਥੋਂ ਇਹ ਕੰਮ ਪੁੱਗ ਨੀ ਸਕਣਾ,'' ਬਿਜੈ ਸਿੰਘ ਦਾ ਉੱਤਰ ਸੀ। ਉਸ ਦਾ ਆਦਰਸ਼ਵਾਦ ਇਸ ਬੰਨੇ ਬਹੁਤ ਦੂਰ ਨਹੀਂ ਸੀ ਜਾਂਦਾ।

ਦਇਆ ਕੌਰ ਉਤੇ ਇਸ ਦਾ ਕੋਈ ਖਾਸ ਅਸਰ ਨਾ ਹੋਇਆ। ਉਸ ਦੇ ਕੋਈ ਵੀ ਰਾਜਸੀ ਵਿਚਾਰ ਨਹੀਂ ਸਨ।

ਧਰਮ ਕੌਰ ਦਾ ਦਿਲ ਇਸ ਘਟਨਾ ਨਾਲ ਪਸੀਜ ਗਿਆ ਸੀ। ਜਦੋਂ ਉਸ ਨੇ ਭਗਤ ਸਿੰਘ ਦੇ ਫਾਂਸੀ ਚੜ੍ਹਨ ਬਾਰੇ ਸੁਣਿਆ ਤਾਂ ਉਹ ਇਕ ਮਾਂ ਵਾਂਗਰ ਧਾਹਾਂ ਮਾਰ ਕੇ ਰੋਈ ਸੀ। ਉਸ ਦੀ ਹਾਲਤ ਉਨ੍ਹਾਂ ਲੋਕਾਂ ਵਰਗੀ ਹੀ ਸੀ ਜੋ ਲਾਹੌਰ ਦੀਆਂ ਗਲੀਆਂ ਬਜ਼ਾਰਾਂ ਵਿਚ ਉਸ ਰਾਤ ਰੋਂਦੇ ਕੁਰਲਾਂਦੇ ਫਿਰਦੇ ਸਨ, ਜਿਸ ਰਾਤ ਭਗਤ ਸਿੰਘ ਫਾਂਸੀ ਚੜ੍ਹਿਆ ਸੀ, ਕਿਉਂਕਿ ਇਸ ਗੱਲ ਨੂੰ ਖ਼ੁਫ਼ੀਆ ਰਖਣ ਉਪਰੰਤ ਵੀ ਇਕ ਘੰਟੇ ਦੇ ਅੰਦਰ ਸਾਰੇ ਲਾਹੌਰ ਵਿਚ ਖ਼ਬਰਾਂ ਫੈਲ ਗਈਆਂ ਸਨ।

ਮਦਨ ਉਸ ਦਿਨ ਲਾਹੌਰ ਵਿਚ ਨਹੀਂ ਸੀ।

# S. SURJAN SINGH GILL

OFFERS TWO TYPES OF SERVICES

## International Travel Service

1113-6th Ave., New Westminster, B.C., Canada. Tel: 524-5244 or 879-9040
Mailing Address: Box# 77057, Station S., Vancouver 16, B. C., Canada.

ਸ: ਸੁਰਜਨ ਸਿੰਘ ਗਿੱਲ



ਮਾਲਕ:
ਗਿੱਲ ਇੰਟਰਨੈਸ਼ਨਲ ਟਰੈਵਲ ਸਰਵਿਸ
ਅਤੇ
ਖ਼ਾਲਸਾ ਇਮਪੋਰੀਅਮ

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?
IN FACT ANYWHERE IN THE WORLD

## COME

### AND MAKE USE OF OUR SERVICES

● IMMIGRATION ● VISA ● PASSPORT
● and anything connected with it

Our Motto is :
" LOWER FARES – – – MORE TRAVEL – – – HIGHER COMFORTS "

COME – WRITE – PHONE – 1113 – 6th AVE., NEW WESTMINSTER, B. C.
Telephones : BUS.: 524-5244 RES.: 879-9040

ਲਿਖੋ – ਮਿਲੋ ਜਾਂ
ਫ਼ੋਨ ਕਰੋ

1113 – 6th AVENUE
NEW WESTMINSTER , B.C.

Telephone No. Bus.: 524-5244
Res.: 879-9040

Mailing Address:
Box #77057, Station S. Vancouver 16

ਕੀ ਤੁਸੀਂ ਕਦੀ ਖਾਲਸਾ ਸਟੋਰ ਵਿਚ ਆਏ ਹੋ ? ਜੇ ਨਹੀਂ ਤਾਂ ਆਓ - ਏਹ ਤੁਹਾਡਾ ਆਪਣਾ ਸਟੋਰ ਹੈ ।
ਇਥੇ ਤੁਹਾਨੂੰ ਹਿੰਦੁਸਤਾਨੀਆਂ ਖਾਣਿਆਂ ਦੀ ਹਰ ਚੀਜ਼ ਖਾਲਸ ਤੇ ਸਸਤੀ ਮਿਲ ਸਕਦੀ ਹੈ।

## ਖ਼ਾਲਸਾ ਇਮਪੋਰੀਅਮ

**ਵਿਸ਼ੇਸ਼**

* ਮੱਕੀ ਤੇ ਕਣਕ ਦਾ ਆਟਾ
* ਸਾਰੇ ਅਚਾਰ
  ਸਾਰੀਆਂ ਦਾਲਾਂ
* ਸਰ੍ਹੋਂ ਦਾ ਤੇਲ
* ਸਾਰੇ ਮਸਾਲੇ
* ਘਲਾੜੀ ਦਾ ਗੁੜ
* ਗਿਰੀਆਂ
* ਪਾਪੜ
* ਤੇ ਕਈ ਹੋਰ ਪਦਾਰਥ

**ਅਣਮੋਲ ਤੁਹਫ਼ੇ**

ਵਿਆਹ ਸ਼ਾਦੀ ਦਾ ਸਾਮਾਨ ਜਿਵੇਂ ਸਿਹਰੇ, ਵੰਗਾਂ, ਪ੍ਰਾਂਦੀਆਂ, ਮਹਿੰਦੀ, ਖੇਪਾ, ਸੈੱਟ, ਕੂਜਾ ਮਿਸ਼ਰੀ ਕਿਰਪਾਨਾਂ ਅਤੇ ਅਲਗੋਜ਼ੇ ।

**ਗੱਭਰੂਆਂ ਲਈ**

ਕਲੀਆਂ ਵਾਲੇ ਕੁੜਤੇ ਅਤੇ ਕੱਢਵੀਆਂ ਜੁੱਤੀਆਂ

VOL.1 NO. 4
OCT. 1973

PANJABI 'LITERARY & CULTURAL' MONTHLY

# THE WATNO DŪR

P.O.BOX 1041, COQUITLAM, B.C., CANADA.

licence 640-7300
phone 253 - 3474

ਲੋਕਾਂ ਦੀ ਪੁਰਜ਼ੋਰ ਮੰਗ ਤੇ ਕੁਈਨ ਐਲਿਜ਼ਬੈੱਥ ਥੀਏਟਰ ਵੈਨਕੋਵਰ ਵਿੱਚ ਐਤਵਾਰ-7 ਅਕਤੂਬਰ 1973 ਨੂੰ ਭਾਰਤੀ ਫਿਲਮ-ਜਗਤ ਦੇ ਉੱਭਰ ਰਹੇ ਸੰਗੀਤਕਾਰ ਤੇ ਪ੍ਰਸਿੱਧ ਪੰਜਾਬੀ ਗਾਇਕ **ਮੁਹੰਮਦ ਸਦੀਕ** ਅਤੇ ਉਨ੍ਹਾਂ ਦੇ **ਕਲਚਰਲ ਗਰੁੱਪ** ਦਾ ਦੂਜਾ ਸ਼ੋ:

**ਟਿਕਟ** : 3, 4 ਤੇ 5 ਡਾਲਰ
**ਸਮਾਂ** : ਦੁਪਿਹਰ 2·30
(ਦਰਵਾਜ਼ੇ 1·30 ਤੇ ਖੁੱਲਣਗੇ)

ਫੋਨ :
ਅਵਤਾਰ ਬੈਂਸ:- 325-7369
ਅਮਰਜੀਤ ਬਿਨਿੰਗ:- 327-9573

: ਹੋਰ ਦਿਲਚਸਪ ਕਲਾਕਾਰ ਹਨ :-
ਲੋਕ-ਗੀਤਾਂ ਦੀ ਮਲਿਕਾ **ਰਣਜੀਤ ਕੌਰ**,
ਗਾਨੇ ਦੀ ਪਟਾਰੀ **ਚਰਨਜੀਤ ਸਿੰਘ ਸ਼ਾਹਕੋਟੀ**
ਗਿੱਧੇ ਦੀ ਰਾਣੀ **ਇੰਦਰਜੀਤ ਕੌਰ**
ਉਸਤਾਦ ਢੋਲਕ ਮਾਸਟਰ **ਰਮੇਸ਼ ਚੰਦਰ**
ਅਤੇ ਭੰਗੜਾ - ਡਾਇਰੈਕਟਰ
**ਗੁਰਦਿਆਲ ਸਿੰਘ ਪ੍ਰੇਮੀ**

